ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ
2023–2033

# ਵਲੰਟੀਅਰ ਵਜੋਂ ਕੰਮ ਕਰਨ ਲਈ ਰਾਸ਼ਟਰੀ ਰਣਨੀਤੀ ਨਾਲ ਸ਼ੁਰੂਆਤ ਕਰਨਾ

## ਇਹ ਆਸਟ੍ਰੇਲੀਆਈ ਭਾਈਚਾਰਿਆਂ ਦਾ ਦਿਲ ਹੈ

ਹਜ਼ਾਰਾਂ ਸਾਲ ਪਹਿਲਾਂ ਤੋਂ ਲੈ ਕੇ ਅੱਜ ਤੱਕ, ਇਸ ਦੇਸ਼ ਭਰ ਵਿੱਚ ਲੋਕ ਹੋਰਾਂ ਦੀ ਮਦਦ ਕਰਨ ਲਈ ਆਪਣਾ ਸਮਾਂ ਦਿੰਦੇ ਆ ਰਹੇ ਹਨ। ਜਦੋਂ ਤੁਸੀਂ ਆਪਣੇ ਸਮੇਂ ਲਈ ਕੋਈ ਭੁਗਤਾਨ ਲਏ ਬਿਨਾਂ ਆਪਣੇ ਨਜ਼ਦੀਕੀ ਪਰਿਵਾਰ ਜਾਂ ਘਰ ਤੋਂ ਬਾਹਰ ਦੇ ਲੋਕਾਂ ਦੀ ਮਦਦ ਕਰਨ ਦਾ ਫ਼ੈਸਲਾ ਕਰਦੇ ਹੋ, ਤਾਂ ਤੁਸੀਂ ਉਸ ਚੀਜ਼ ਦਾ ਹਿੱਸਾ ਬਣਦੇ ਹੋ ਜਿਸਨੂੰ ਅਸੀਂ ਵਲੰਟੀਅਰਿੰਗ ਕਹਿੰਦੇ ਹਾਂ। ਵਲੰਟੀਅਰਿੰਗ ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ: *ਮਦਦ ਕਰਨਾ, ਰਿਸ਼ਤੇਦਾਰੀ ਨਿਭਾਉਣਾ, ਭਾਈਚਾਰੇ ਲਈ ਦਾਨ, ਸੇਵਾ,* ਅਤੇ ਕੁੱਝ ਲੋਕਾਂ ਕੋਲ ਇਸਦਾ ਕੋਈ ਨਾਮ ਹੀ ਨਹੀਂ ਹੁੰਦਾ।

ਵਲੰਟੀਅਰਿੰਗ ਕਰਨ ਲਈ ਹੋਰ ਵਧੀਆ ਭਵਿੱਖ ਬਣਾਉਣ ਲਈ ਇੱਕ ਯੋਜਨਾ ਤਿਆਰ ਕੀਤੀ ਗਈ ਹੈ ਇਸਨੂੰ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਕਿਹਾ ਜਾਂਦਾ ਹੈ - ਅਤੇ ਤੁਸੀਂ ਵੀ ਇਸਦਾ ਹਿੱਸਾ ਬਣ ਸਕਦੇ ਹੋ। ਵਲੰਟੀਅਰਿੰਗ ਲਈ ਇਹ ਰਾਸ਼ਟਰੀ ਰਣਨੀਤੀ ਦਸ ਸਾਲਾਂ ਦੀ ਯੋਜਨਾ ਹੈ ਜੋ 2023-2033 ਤੱਕ ਚੱਲੇਗੀ ਤਾਂ ਜੋ ਵਲੰਟੀਅਰਿੰਗ ਨੂੰ ਆਸਟ੍ਰੇਲੀਆਈ ਭਾਈਚਾਰਿਆਂ ਦਾ ਦਿਲ ਬਣਾਇਆ ਜਾ ਸਕੇ। ਇਹ ਤੁਹਾਨੂੰ ਆਪਣੀ ਕਹਾਣੀ ਸਾਂਝੀ ਕਰਨ, ਆਪਣੇ ਭਾਈਚਾਰੇ ਨੂੰ ਮਜ਼ਬੂਤ ਕਰਨ, ਫੰਡਿੰਗ ਅਤੇ ਗ੍ਰਾਂਟਾਂ ਲਈ ਅਰਜ਼ੀਆਂ ਦੇਣ, ਹੋਰਾਂ ਨਾਲ ਮਿਲ ਕੇ ਕੰਮ ਕਰਨ, ਭਵਿੱਖ ਲਈ ਟੀਚੇ ਨਿਰਧਾਰਤ ਕਰਨ, ਅਤੇ ਵਲੰਟੀਅਰਾਂ ਨੂੰ ਭਰਤੀ ਕਰਨ ਅਤੇ ਮਾਰਗਦਰਸ਼ਨ ਕਰਨ ਵਿੱਚ ਸਹਾਇਤਾ ਕਰਦੀ ਹੈ। ਇਹ ਪੂਰੀ ਤਰ੍ਹਾਂ ਮੁਫ਼ਤ ਉਪਲਬਧ ਹੈ, ਇਸ ਲਈ ਕੋਈ ਰਜਿਸਟ੍ਰੇਸ਼ਨ ਦੀ ਲੋੜ ਨਹੀਂ ਹੈ, ਅਤੇ ਤੁਸੀਂ ਇਹ ਚੁਣ ਸਕਦੇ ਹੋ ਕਿ ਤੁਸੀਂ ਕਦੋਂ, ਕਿਵੇਂ ਅਤੇ ਕਿੰਨਾ ਸ਼ਾਮਲ ਹੋਣਾ ਚਾਹੁੰਦੇ ਹੋ।

### ਵਲੰਟੀਅਰਿੰਗ ਸਾਡੇ ਭਾਈਚਾਰਿਆਂ ਵਾਂਗ ਹੀ ਵਿਭਿੰਨਤਾ ਭਰੀ ਹੈ

ਲੋਕ ਆਪਣਾ ਸਮਾਂ ਵੱਖ-ਵੱਖ ਤਰੀਕਿਆਂ ਨਾਲ ਦਿੰਦੇ ਹਨ। ਕੁੱਝ ਕੁ ਲੋਕ ਹਰ ਹਫ਼ਤੇ ਇੱਕੋ ਸਮੇਂ ਅਤੇ ਸਥਾਨ 'ਤੇ ਵਲੰਟੀਅਰਿੰਗ ਕਰਦੇ ਹਨ, ਜਦੋਂ ਕਿ ਦੂਸਰੇ ਲੋਕ ਖ਼ਾਸ ਦਿਨਾਂ 'ਤੇ, ਜਿਵੇਂ ਸਮਾਗਮਾਂ, ਤਿਉਹਾਰਾਂ ਜਾਂ ਧਾਰਮਿਕ ਜਸ਼ਨਾਂ ਲਈ ਮਦਦ ਕਰਨਾ ਚੁਣਦੇ ਹਨ। ਬਹੁਤ ਸਾਰੇ ਲੋਕ ਬਿਨ੍ਹਾਂ ਕਿਸੇ ਸਮਾਂ-ਸਾਰਣੀ ਦੇ ਵਲੰਟੀਅਰਿੰਗ ਕਰਦੇ ਹਨ, ਜਦੋਂ ਉਹ ਕਿਸੇ ਨੂੰ ਮਦਦ ਦੀ ਲੋੜ ਵਿੱਚ ਦੇਖਦੇ ਹਨ, ਤਾਂ ਆਪਣਾ ਸਮਾਂ ਦਿੰਦੇ ਹਨ।

ਕਈ ਲੋਕ ਉਹਨਾਂ ਸੰਸਥਾਵਾਂ ਨਾਲ ਵਲੰਟੀਅਰ ਵਜੋਂ ਜੁੜਨ ਲਈ ਅਰਜ਼ੀ ਦਿੰਦੇ ਹਨ ਜਿਨ੍ਹਾਂ ਨੂੰ ਉਹ ਸਮਰਥਨ ਦੇਣਾ ਚਾਹੁੰਦੇ ਹਨ, ਜਿਵੇਂ ਚੈਰਿਟੀ (ਦਾਨੀ-ਸੰਸਥਾ) ਜਾਂ ਕਲੱਬ। ਵਲੰਟੀਅਰਿੰਗ ਸੰਸਥਾਵਾਂ ਤੋਂ ਬਾਹਰ ਵੀ ਹੁੰਦੀ ਹੈ। ਤੁਸੀਂ ਆਪਣੇ ਆਪ ਇਕੱਲੇ ਵੀ ਵਲੰਟੀਅਰ ਕਰ ਸਕਦੇ ਹੋ, ਆਪਣੇ ਭਾਈਚਾਰੇ ਦੇ ਲੋਕਾਂ ਦੇ ਸਮੂਹ ਨਾਲ, ਇੰਟਰਨੈੱਟ ਰਾਹੀਂ, ਕਿਸੇ ਸੰਸਥਾ ਨਾਲ ਵਲੰਟੀਅਰ ਕਰ ਸਕਦੇ ਹੋ, ਜਾਂ ਤੁਸੀਂ ਦੂਜਿਆਂ ਦੀ ਮਦਦ ਕਰਨ ਲਈ ਕਈ ਤਰੀਕਿਆਂ ਨੂੰ ਇਕੱਠਾ ਵੀ ਜੋੜ ਸਕਦੇ ਹੋ।

ਲੋਕ ਬਹੁਤ ਸਾਰੇ ਵੱਖ-ਵੱਖ ਕਾਰਨਾਂ ਕਰਕੇ ਵਲੰਟੀਅਰਿੰਗ ਕਰਦੇ ਹਨ: ਆਪਣੇ ਧਰਮ ਦੀ ਪਾਲਣਾ ਕਰਨ ਲਈ, ਦੋਸਤਾਂ ਅਤੇ ਗੁਆਂਢੀਆਂ ਦੀ ਮਦਦ ਕਰਨ ਲਈ, ਧਰਤੀ/ਦੇਸ਼ ਦੀ ਦੇਖਭਾਲ ਕਰਨ ਲਈ, ਕਿਸੇ ਅਜਿਹੇ ਨੇਕ ਕੰਮ ਦਾ ਸਮਰਥਨ ਕਰਨ ਲਈ ਜਿਸ ਵਿੱਚ ਉਹ ਵਿਸ਼ਵਾਸ ਕਰਦੇ ਹਨ, ਅੱਗ ਜਾਂ ਹੜ੍ਹਾਂ ਵਰਗੀਆਂ ਆਫ਼ਤਾਂ ਤੋਂ ਬਾਅਦ ਮੁੜ-ਸੰਭਲਣ ਲਈ, ਭਾਈਚਾਰੇ ਦੇ ਬਜ਼ੁਰਗਾਂ ਦਾ ਸਤਿਕਾਰ ਕਰਨ ਲਈ, ਜਾਂ ਸਿਰਫ਼ ਇਸ ਲਈ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਇਹ ਕਰਨਾ ਸਹੀ ਹੈ।

ਚਾਹੇ ਵਲੰਟੀਅਰਿੰਗ ਤੁਹਾਡੇ ਲਈ ਕਿਸੇ ਵੀ ਤਰ੍ਹਾਂ ਦੀ ਕਿਉਂ ਨਾ ਲੱਗਦੀ ਹੋਵੇ, ਤੁਸੀਂ ਆਪਣੇ ਭਾਈਚਾਰੇ ਵਿੱਚ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦੀ ਵਰਤੋਂ ਕਰਕੇ ਇੱਕ ਰਾਸ਼ਟਰੀ ਮੁਹਿੰਮ ਦਾ ਹਿੱਸਾ ਬਣ ਸਕਦੇ ਹੋ।

## ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਤੁਹਾਡੀ ਮਦਦ ਕਰਨ ਲਈ ਇੱਥੇ ਉਪਲਬਧ ਹੈ

2022 ਵਿੱਚ, ਦੇਸ਼ ਭਰ ਦੇ ਲੋਕ ਇਕੱਠੇ ਹੋਏ ਤਾਂ ਜੋ ਆਸਟ੍ਰੇਲੀਆ ਵਿੱਚ ਵਲੰਟੀਅਰਿੰਗ ਦੇ ਭਵਿੱਖ ਲਈ ਇੱਕ ਯੋਜਨਾ ਤਿਆਰ ਕੀਤੀ ਜਾ ਸਕੇ। ਇਸ ਯੋਜਨਾ ਨੂੰ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਕਿਹਾ ਜਾਂਦਾ ਹੈ ਅਤੇ ਇਸ ਦਾ ਦਸ ਸਾਲਾਂ ਦਾ ਸੁਪਨਾ ਇਹ ਹੈ ਕਿ **ਵਲੰਟੀਅਰਿੰਗ ਆਸਟ੍ਰੇਲੀਆਈ ਭਾਈਚਾਰਿਆਂ ਦਾ ਦਿਲ ਹੋਵੇ।**

ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਮੁਫ਼ਤ ਵਿੱਚ ਉਪਲਬਧ ਹੈ ਅਤੇ ਸਾਂਝੀ ਮਲਕੀਅਤ ਵਾਲੀ ਹੈ, ਇਸਦਾ ਮਤਲਬ ਹੈ ਕਿ ਇਹ ਸਾਡੀ ਸਭ ਦੀ ਹੈ। ਸਾਡੇ ਸਾਰਿਆਂ ਕੋਲ ਇਸ ਰਾਸ਼ਟਰੀ ਰਣਨੀਤੀ ਦਾ ਹਿੱਸਾ ਬਣਨ ਅਤੇ ਆਸਟ੍ਰੇਲੀਆ ਵਿੱਚ ਵਲੰਟੀਅਰਿੰਗ ਲਈ ਇੱਕ ਬਿਹਤਰ ਭਵਿੱਖ ਬਣਾਉਣ ਲਈ ਇਕੱਠੇ ਕੰਮ ਕਰਨ ਦਾ ਮੌਕਾ ਹੈ।

ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦਾ ਹਿੱਸਾ ਬਣਨ ਅਤੇ ਆਪਣੇ ਭਾਈਚਾਰੇ ਵਿੱਚ ਵਲੰਟੀਅਰ ਵਜੋਂ ਕੰਮ ਕਰਨ ਨੂੰ ਮਜ਼ਬੂਤ ਕਰਨ ਲਈ ਇਸਦੀ ਵਰਤੋਂ ਕਰਨ ਦੇ ਕਈ ਤਰੀਕੇ ਹਨ। ਲੋਕਾਂ ਨੇ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਨੂੰ ਇਨ੍ਹਾਂ ਤਰੀਕਿਆਂ ਨਾਲ ਵਰਤਿਆ ਹੈ:

- ਵਲੰਟੀਅਰ ਵਜੋਂ ਕੰਮ ਕਰਨ ਦੀ ਕਹਾਣੀ ਸਾਂਝੀ ਕਰਨਾ ਅਤੇ ਇਸਦੇ ਪ੍ਰਭਾਵ ਦਾ ਜਸ਼ਨ ਮਨਾਉਣਾ
- ਗ੍ਰਾਂਟਾਂ ਅਤੇ ਫੰਡਿੰਗ ਲਈ ਅਰਜ਼ੀ ਦੇਣ ਵਿੱਚ ਮਦਦ ਕਰਨਾ
- ਵਲੰਟੀਅਰਾਂ ਦੀ ਭਰਤੀ ਅਤੇ ਸਹਾਇਤਾ ਕਰਨਾ
- ਆਪਣੇ ਭਾਈਚਾਰੇ, ਸੰਸਥਾ ਜਾਂ ਟੀਮ ਦੇ ਭਵਿੱਖ ਲਈ ਯੋਜਨਾਵਾਂ ਬਣਾਉਣਾ
- ਭਾਈਚਾਰਿਆਂ ਵਿਚਕਾਰ ਨਵੇਂ ਨੈੱਟਵਰਕ ਬਣਾਉਣਾ
- ਨਵੇਂ ਖੋਜ ਪ੍ਰੋਜੈਕਟਾਂ ਵਿੱਚ ਯੋਗਦਾਨ ਦੇਣਾ ਜਾਂ ਮੌਜੂਦਾ ਖੋਜ ਪ੍ਰੋਜੈਕਟਾਂ ਤੋਂ ਸਿੱਖਣਾ
- ਆਪਣੇ ਇਲਾਕੇ ਦੇ ਹੋਰ ਗਰੁੱਪਾਂ ਨਾਲ ਭਾਈਚਾਰਕ ਸਾਂਝਾਂ ਕਾਇਮ ਕਰਨਾ।

ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਨੂੰ ਕਿਸੇ ਵੀ ਕਿਸਮ ਦੀ ਵਲੰਟੀਅਰਿੰਗ ਵਿੱਚ ਲਚਕਦਾਰ ਤਰੀਕੇ ਨਾਲ ਵਰਤਿਆ ਜਾ ਸਕਦਾ ਹੈ, ਅਤੇ ਤੁਹਾਨੂੰ ਇੱਕ ਅਜਿਹਾ ਤਰੀਕਾ ਮਿਲ ਸਕਦਾ ਹੈ ਜੋ ਤੁਹਾਡੇ ਲਈ, ਤੁਹਾਡੀ ਟੀਮ ਲਈ ਜਾਂ ਤੁਹਾਡੇ ਭਾਈਚਾਰੇ ਲਈ ਲਾਭਦਾਇਕ ਹੋਵੇ।

2023 ਵਿੱਚ ਇਸਦੀ ਸ਼ੁਰੂਆਤ ਤੋਂ ਲੈ ਕੇ, ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਵਿੱਚ ਸਰਕਾਰਾਂ, ਸੰਸਥਾਵਾਂ, ਭਾਈਚਾਰਿਆਂ ਅਤੇ ਲੋਕਾਂ ਨੇ ਹਿੱਸਾ ਲਿਆ ਹੈ। ਬਹੁਤ ਸਾਰੇ ਲੋਕਾਂ ਨੇ ਭਵਿੱਖ ਵਿੱਚ ਕਾਰਵਾਈ ਕਰਨ ਦੀ ਵਚਨਬੱਧਤਾ ਵੀ ਦਿੱਤੀ ਹੈ। ਇਕੱਠੇ ਮਿਲ ਕੇ, ਇਹ ਵਚਨਬੱਧਤਾਵਾਂ ਇੱਕ ਤਿੰਨ ਸਾਲਾ ਕਾਰਜ ਯੋਜਨਾ ਬਣਾਉਂਦੀਆਂ ਹਨ ਜਿਸਨੂੰ 'ਕਾਰਜ ਯੋਜਨਾ 2024–2027' ਕਿਹਾ ਜਾਂਦਾ ਹੈ। ਤੁਹਾਡੇ ਲਈ ਇਸ ਵਿੱਚ ਸ਼ਾਮਲ ਹੋਣ, ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਰਾਸ਼ਟਰੀ ਰਣਨੀਤੀ ਦੀ ਵਰਤੋਂ ਕਰਨ, ਅਤੇ **ਵਲੰਟੀਅਰਿੰਗ ਨੂੰ ਆਸਟ੍ਰੇਲੀਆਈ ਭਾਈਚਾਰਿਆਂ ਦਾ ਦਿਲ ਬਣਾਉਣ ਦੇ ਮੌਕੇ ਉਪਲਬਧ ਹਨ।**

> **ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਰਾਹੀਂ, ਅਸੀਂ ਸਭ ਮਿਲ ਕੇ ਵਲੰਟੀਅਰਿੰਗ ਲਈ ਇੱਕ ਬਿਹਤਰ ਭਵਿੱਖ ਬਣਾਉਣ ਵਿੱਚ ਯੋਗਦਾਨ ਪਾ ਸਕਦੇ ਹਾਂ। volunteeringstrategy.org.au 'ਤੇ ਜਾ ਕੇ ਹੋਰ ਜਾਣੋ।**

## ਆਪਣੇ ਭਾਈਚਾਰੇ ਵਿੱਚ ਰਾਸ਼ਟਰੀ ਰਣਨੀਤੀ ਦੀ ਵਰਤੋਂ ਕਰਨਾ

ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦਾ ਹਿੱਸਾ ਬਣਨ ਅਤੇ ਇਸਦੀ ਵਰਤੋਂ ਕਰਕੇ ਆਪਣੇ ਭਾਈਚਾਰੇ ਵਿੱਚ ਵਲੰਟੀਅਰਿੰਗ ਨੂੰ ਮਜ਼ਬੂਤ ਬਣਾਉਣ ਦੇ ਬਹੁਤ ਸਾਰੇ ਤਰੀਕੇ ਹਨ। ਇਹ ਗਾਈਡ ਹੇਠ ਲਿਖੀਆਂ ਗੱਲਾਂ ਵਿੱਚ ਤੁਹਾਡੀ ਮਦਦ ਕਰੇਗੀ:

- ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਬਾਰੇ ਹੋਰ ਜਾਣਨ ਵਿੱਚ
- ਯੋਜਨਾਵਾਂ ਬਣਾਉਣ ਵਿੱਚ ਰਣਨੀਤਿਕ ਉਦੇਸ਼ਾਂ ਦੀ ਵਰਤੋਂ ਕਰਕੇ
- ਕਾਰਜ ਯੋਜਨਾ 2024–2027 ਦਾ ਹਿੱਸਾ ਬਣਨ ਵਿੱਚ
- ਰਾਸ਼ਟਰੀ ਰਣਨੀਤੀ ਦੀ ਵਰਤੋਂ ਕਰਕੇ ਆਪਣੇ ਸਥਾਨਕ ਪ੍ਰਭਾਵ ਬਾਰੇ ਗੱਲ ਕਰਨ ਵਿੱਚ
- ਨਵੀਆਂ ਭਾਈਚਾਰਕ ਸਾਂਝਾਂ ਬਣਾਉਣ ਅਤੇ ਹੋਰ ਲੋਕਾਂ ਨਾਲ ਜੁੜਨ ਵਿੱਚ

# ਰਾਸ਼ਟਰੀ ਰਣਨੀਤੀ ਬਾਰੇ ਹੋਰ ਜਾਣੋ

ਰਾਸ਼ਟਰੀ ਰਣਨੀਤੀ ਨਾਲ ਸ਼ੁਰੂਆਤ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਸ ਬਾਰੇ ਥੋੜ੍ਹਾ ਹੋਰ ਜਾਣਨਾ ਹੈ।

ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ (2023–2033) ਇੱਕ ਦਸ ਸਾਲਾਂ ਯੋਜਨਾ ਹੈ ਜੋ ਆਸਟ੍ਰੇਲੀਆ ਵਿੱਚ ਵਲੰਟੀਅਰਿੰਗ ਲਈ ਨਵੇਂ ਭਵਿੱਖ ਦਾ ਖਰੜਾ ਪੇਸ਼ ਕਰਦੀ ਹੈ। ਇਹ ਪਿਛਲੇ ਦਹਾਕੇ ਵਿੱਚ ਵਲੰਟੀਅਰਿੰਗ ਲਈ ਬਣਾਈ ਗਈ ਪਹਿਲੀ ਰਾਸ਼ਟਰੀ ਰਣਨੀਤੀ ਹੈ, ਜੋ ਸੁਰੱਖਿਅਤ, ਸਮਰਥਿਤ ਅਤੇ ਚਿਰ-ਟਿਕਾਊ ਵਲੰਟੀਅਰਿੰਗ ਨੂੰ ਯਕੀਨੀ ਬਣਾਉਣ ਲਈ ਇੱਕ ਰਣਨੀਤਿਕ ਢਾਂਚਾ ਪ੍ਰਦਾਨ ਕਰਦੀ ਹੈ।

ਤੁਸੀਂ ਇਸ ਵੈੱਬਸਾਈਟ 'ਤੇ ਵਲੰਟੀਅਰਿੰਗ ਲਈ ਪੂਰੀ ਰਾਸ਼ਟਰੀ ਰਣਨੀਤੀ ਦਾ ਦਸਤਾਵੇਜ਼ ਪ੍ਰਾਪਤ ਕਰ ਸਕਦੇ ਹੋ: volunteeringstrategy.org.au

ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਨੂੰ ਸਹਿ-ਡਿਜ਼ਾਈਨ ਨਾਮਕ ਪ੍ਰਕਿਰਿਆ ਦੁਆਰਾ ਬਹੁਤ ਸਾਰੇ ਵੱਖ-ਵੱਖ ਲੋਕਾਂ ਦੇ ਯੋਗਦਾਨ ਨਾਲ ਬਣਾਇਆ ਗਿਆ ਸੀ। ਇਸ ਨਾਲ ਇੱਕ ਸਭ ਨੂੰ ਜੋੜਨ ਵਾਲਾ ਸੁਪਨਾ ਪੈਦਾ ਹੋਇਆ ਹੈ:

**ਵਲੰਟੀਅਰਿੰਗ ਆਸਟ੍ਰੇਲੀਆਈ ਭਾਈਚਾਰਿਆਂ ਦਾ ਦਿਲ ਹੈ**

ਇਸ ਸੁਪਨੇ ਨੂੰ ਸਾਕਾਰ ਕਰਨ ਲਈ, ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਵਿੱਚ ਇਹ ਗੱਲਾਂ ਸ਼ਾਮਲ ਹਨ:

- ਤਿੰਨ ਮੁੱਖ ਧਿਆਨ-ਕੇਂਦ੍ਰਿਤ ਕਰਨ ਵਾਲੇ ਖੇਤਰ, ਜਿਨ੍ਹਾਂ ਵਿੱਚ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦੇ ਉਦੇਸ਼ ਸ਼ਾਮਲ ਹਨ
- ਗਿਆਰਾਂ ਰਣਨੀਤਿਕ ਉਦੇਸ਼, ਜੋ ਇਹ ਜਾਣਕਾਰੀ ਦਿੰਦੇ ਹਨ ਕਿ ਇਨ੍ਹਾਂ ਉਦੇਸ਼ਾਂ ਨੂੰ ਹਾਸਲ ਕਰਨ ਲਈ ਕਿਹੜਾ ਕੰਮ ਲੋੜੀਂਦਾ ਹੈ
- ਦਸ ਸਾਲਾਂ ਦੀ ਸਮਾਂ-ਸੀਮਾ, ਜਿਸ ਵਿੱਚ ਤਿੰਨ ਕਾਰਜ ਯੋਜਨਾ ਪੜਾਅ ਸ਼ਾਮਲ ਹਨ




ਵਲੰਟੀਅਰਿੰਗ ਸਾਡੀ ਜ਼ਿੰਦਗੀ ਦੇ ਹਰ ਹਿੱਸੇ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਕਈ ਵੱਖ-ਵੱਖ ਰੂਪ ਲੈ ਸਕਦੀ ਹੈ। ਇਨ੍ਹਾਂ ਸਭ ਗਤੀਵਿਧੀਆਂ ਨੂੰ ਕਵਰ ਕਰਨ ਲਈ, ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਵਿੱਚ ਤਿੰਨ ਮੁੱਖ ਧਿਆਨ-ਕੇਂਦ੍ਰਿਤ ਕਰਨ ਵਾਲੇ ਖੇਤਰ ਸ਼ਾਮਲ ਹਨ, ਅਤੇ ਹਰ ਧਿਆਨ-ਕੇਂਦਰਿਤ ਕਰਨ ਵਾਲਾ ਖੇਤਰ ਵਲੰਟੀਅਰਿੰਗ ਦੇ ਇੱਕ ਵੱਖਰੇ ਪਹਿਲੂ ਨੂੰ ਨਿਸ਼ਾਨਾ ਬਣਾਉਂਦਾ ਹੈ।

1. **ਵਿਅਕਤੀਗਤ ਸਮਰੱਥਾ ਅਤੇ ਵਲੰਟੀਅਰ ਵਜੋਂ ਕੰਮ ਕਰਨ ਦਾ ਅਨੁਭਵ** ਇਹ ਧਿਆਨ-ਕੇਂਦ੍ਰਿਤ ਕਰਨ ਵਾਲਾ ਖੇਤਰ ਵਿਅਕਤੀ ਬਾਰੇ ਹੈ। ਕੀ ਉਹਨਾਂ ਲਈ ਵਲੰਟੀਅਰ ਵਜੋਂ ਕੰਮ ਕਰਨਾ ਮਜ਼ੇਦਾਰ ਅਤੇ ਅਰਥਪੂਰਨ ਹੈ? ਕੀ ਉਹ ਸੁਰੱਖਿਅਤ ਤਰੀਕੇ ਨਾਲ ਵਲੰਟੀਅਰਿੰਗ ਕਰ ਰਹੇ ਹਨ? ਕੀ ਕੋਈ ਅਜਿਹੀ ਚੀਜ਼ ਹੈ ਜੋ ਉਹਨਾਂ ਲਈ ਵਲੰਟੀਅਰਿੰਗ ਕਰਨਾ ਔਖਾ ਬਣਾਉਂਦੀ ਹੈ?
2. **ਭਾਈਚਾਰਕ ਅਤੇ ਸਮਾਜਿਕ ਪ੍ਰਭਾਵ**
   ਦੂਜਾ ਧਿਆਨ-ਕੇਂਦ੍ਰਿਤ ਕਰਨ ਵਾਲਾ ਖੇਤਰ ਭਾਈਚਾਰਿਆਂ ਅਤੇ ਉਨ੍ਹਾਂ ਵਿੱਚ ਵਲੰਟੀਅਰਿੰਗ ਦੀ ਭੂਮਿਕਾ ਬਾਰੇ ਹੈ। ਵੱਖ-ਵੱਖ ਲੋਕਾਂ ਅਤੇ ਭਾਈਚਾਰਿਆਂ ਲਈ ਵਲੰਟੀਅਰਿੰਗ ਕਿਹੋ ਜਿਹੀ ਲੱਗਦੀ ਹੈ? ਕੀ ਅਸੀਂ ਵਲੰਟੀਅਰਾਂ ਦੇ ਪੈਣ ਵਾਲੇ ਪ੍ਰਭਾਵ ਦਾ ਜਸ਼ਨ ਮਨਾਉਂਦੇ ਹਾਂ? ਕੀ ਵਲੰਟੀਅਰਿੰਗ ਕਰਨ ਦੇ ਕੋਈ ਹੋਰ ਤਰੀਕੇ ਵੀ ਹਨ ਜਿਨ੍ਹਾਂ ਨੂੰ ਢੁੱਕਵੀਂ ਮਾਨਤਾ ਪ੍ਰਾਪਤ ਨਹੀਂ ਹੈ? ਭਾਈਚਾਰਿਆਂ ਨੂੰ ਕੀ ਚਾਹੀਦਾ ਹੈ?
3. **ਵਲੰਟੀਅਰਿੰਗ ਦੇ ਪ੍ਰਫੁੱਲਿਤ ਹੋਣ ਲਈ ਜ਼ਰੂਰੀ ਸ਼ਰਤਾਂ**
   ਇਹ ਧਿਆਨ-ਕੇਂਦ੍ਰਿਤ ਕਰਨ ਵਾਲਾ ਖੇਤਰ ਉਨ੍ਹਾਂ ਵੱਡੀਆਂ ਪ੍ਰਣਾਲੀਆਂ, ਪ੍ਰਕਿਰਿਆਵਾਂ ਅਤੇ ਸਮੂਹਾਂ ਬਾਰੇ ਗੱਲ ਕਰਦਾ ਹੈ ਜੋ ਵਲੰਟੀਅਰਿੰਗ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਵਿੱਚ ਲੀਡਰਸ਼ਿਪ, ਫੰਡਿੰਗ ਅਤੇ ਹੋਰ ਸਰੋਤ, ਸਰਕਾਰੀ ਨੀਤੀਆਂ ਅਤੇ ਵਲੰਟੀਅਰ ਪ੍ਰਬੰਧਨ ਸ਼ਾਮਲ ਹਨ।

ਇਹ ਤਿੰਨ ਧਿਆਨ-ਕੇਂਦ੍ਰਿਤ ਕਰਨ ਵਾਲੇ ਖੇਤਰ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਨੂੰ ਵਲੰਟੀਅਰਿੰਗ ਦੇ ਵੱਖ-ਵੱਖ ਖੇਤਰਾਂ ਲਈ ਨਿਸ਼ਾਨਾਬੱਧ ਟੀਚੇ ਅਤੇ ਕਾਰਵਾਈਆਂ ਤਿਆਰ ਕਰਨ ਦੀ ਸਮਰੱਥਾ ਦਿੰਦੇ ਹਨ। ਇਹ ਵਲੰਟੀਅਰਾਂ, ਨੇਤਾਵਾਂ, ਖੋਜਕਰਤਾਵਾਂ ਅਤੇ ਹੋਰ ਰਣਨੀਤੀਆਂ 'ਤੇ ਕੰਮ ਕਰਨ ਵਾਲੇ ਲੋਕਾਂ ਲਈ ਵੀ ਇੱਕ ਉਪਯੋਗੀ ਢਾਂਚਾ ਹੈ।

## ਰਣਨੀਤਿਕ ਉਦੇਸ਼

ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਵਿੱਚ ਗਿਆਰਾਂ ਰਣਨੀਤਿਕ ਉਦੇਸ਼ ਹਨ, ਜੋ ਇਸਦੇ ਤਿੰਨ ਮੁੱਖ ਧਿਆਨ-ਕੇਂਦ੍ਰਿਤ ਕਰਨ ਵਾਲੇ ਖੇਤਰਾਂ ਵਿੱਚ ਵੰਡੇ ਹੋਏ ਹਨ। ਰਣਨੀਤਿਕ ਉਦੇਸ਼ ਭਵਿੱਖ ਲਈ ਉਹ ਨਿਸ਼ਾਨਾਬੱਧ ਟੀਚੇ ਹਨ ਜੋ ਸਾਡੇ ਸਾਂਝੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤੇ ਗਏ ਹਨ ਕਿ ਕਿ ਵਲੰਟੀਅਰਿੰਗ ਆਸਟ੍ਰੇਲੀਆਈ ਭਾਈਚਾਰਿਆਂ ਦਾ ਦਿਲ ਹੈ।

| ਧਿਆਨ-ਕੇਂਦ੍ਰਿਤ ਕਰਨ ਵਾਲੇ ਖੇਤਰ | ਰਣਨੀਤਿਕ ਉਦੇਸ਼ | ਨਤੀਜਾ |
|---|---|---|
| ਵਿਅਕਤੀਗਤ ਸਮਰੱਥਾ ਅਤੇ ਵਲੰਟੀਅਰ ਵਜੋਂ ਕੰਮ ਕਰਨ ਦਾ ਅਨੁਭਵ | 1.1 ਵਲੰਟੀਅਰ ਅਨੁਭਵ 'ਤੇ ਧਿਆਨ-ਕੇਂਦ੍ਰਿਤ ਕਰੋ | ਵਲੰਟੀਅਰ ਇੱਕ ਅਰਥਪੂਰਨ ਅਤੇ ਸਮਰੱਥ ਬਣਾਉਣ ਵਾਲਾ ਅਨੁਭਵ ਪ੍ਰਾਪਤ ਕਰਦੇ ਹਨ, ਉਹ ਆਪਣੀ ਕਦਰ ਕੀਤੀ ਗਈ ਮਹਿਸੂਸ ਕਰਦੇ ਹਨ, ਅਤੇ ਜਾਣਦੇ ਹਨ ਕਿ ਉਨ੍ਹਾਂ ਦੇ ਯੋਗਦਾਨ ਨਾਲ ਕਿਵੇਂ ਫ਼ਰਕ ਪੈਂਦਾ ਹੈ। |
| | 1.2 ਵਲੰਟੀਅਰਿੰਗ ਨੂੰ ਸ਼ਮੂਲੀਅਤ ਵਾਲਾ ਅਤੇ ਪਹੁੰਚਯੋਗ ਬਣਾਓ | ਵਲੰਟੀਅਰਿੰਗ ਹਰ ਕਿਸੇ ਲਈ ਉਹਨਾਂ ਦੀਆਂ ਜ਼ਰੂਰਤਾਂ ਅਤੇ ਹਾਲਾਤਾਂ ਦੇ ਅਨੁਸਾਰ ਸ਼ਮੂਲੀਅਤ ਵਾਲੀ ਅਤੇ ਪਹੁੰਚਯੋਗ ਹੈ। |
| | 1.3 ਯਕੀਨੀ ਬਣਾਓ ਕਿ ਵਲੰਟੀਅਰਿੰਗ ਸ਼ੋਸ਼ਣ ਵਾਲੀ ਨਾ ਹੋਵੇ | ਵਲੰਟੀਅਰਾਂ ਨੂੰ ਸੁਰੱਖਿਅਤ ਅਤੇ ਨੈਤਿਕ ਤਰੀਕੇ ਨਾਲ ਸ਼ਾਮਲ ਕੀਤਾ ਜਾਂਦਾ ਹੈ, ਅਤੇ ਉਨ੍ਹਾਂ ਦੀ ਸੁਰੱਖਿਆ, ਹਿੱਤਾਂ ਅਤੇ ਭਲਾਈ ਦੀ ਰੱਖਿਆ ਲਈ ਸਹਾਇਤਾ ਪ੍ਰਣਾਲੀਆਂ ਮੌਜੂਦ ਹਨ। |

| ਧਿਆਨ-ਕੇਂਦ੍ਰਿਤ ਕਰਨ ਵਾਲੇ ਖੇਤਰ | ਰਣਨੀਤਿਕ ਉਦੇਸ਼ | ਨਤੀਜਾ |
|---|---|---|
| ਭਾਈਚਾਰਕ ਅਤੇ ਸਮਾਜਿਕ ਪ੍ਰਭਾਵ | **2.1** ਵਲੰਟੀਅਰਿੰਗ ਦੀ ਸਮਝ ਨੂੰ ਵਿਭਿੰਨ ਬਣਾਓ | ਵੱਖ-ਵੱਖ ਸੱਭਿਆਚਾਰਕ ਅਰਥਾਂ ਅਤੇ ਪ੍ਰਗਟਾਵੇ ਦੀ ਵਿਸਤ੍ਰਿਤ ਸਮਝ ਰਾਹੀਂ ਵਲੰਟੀਅਰਿੰਗ ਨੂੰ ਇਸਦੇ ਸਾਰੇ ਰੂਪਾਂ ਵਿੱਚ ਸਤਿਕਾਰ ਅਤੇ ਸਮਰਥਨ ਮਿਲਦਾ ਹੈ। |
| | **2.2** ਵਲੰਟੀਅਰਿੰਗ ਬਾਰੇ ਜਨਤਕ ਧਾਰਨਾ ਨੂੰ ਨਵੀਂ ਰੂਪ-ਰੇਖਾ ਦਿਓ | ਵਲੰਟੀਅਰਿੰਗ ਦੀ ਵਿਸਤ੍ਰਿਤ ਸਮਝ ਆਸਟ੍ਰੇਲੀਆ ਦੀ ਜਨਤਕ ਸੋਚ ਵਿੱਚ ਪੱਕੇ ਤੌਰ 'ਤੇ ਸ਼ਾਮਲ ਹੋ ਜਾਂਦੀ ਹੈ। |
| | **2.3** ਵਲੰਟੀਅਰਿੰਗ ਦੀ ਅੰਦਰੂਨੀ ਮਹੱਤਤਾ ਨੂੰ ਪਛਾਣੋ | ਵਲੰਟੀਅਰ ਵਜੋਂ ਕੰਮ ਕਰਨਾ ਇੱਕ ਅਜਿਹੀ ਗਤੀਵਿਧੀ ਵਜੋਂ ਮੰਨਿਆ ਅਤੇ ਸਮਰਥਨ ਕੀਤਾ ਜਾਂਦਾ ਹੈ ਜਿਸਦੀ ਆਪਣੀ ਅੰਦਰੂਨੀ ਮਹੱਤਤਾ ਹੈ, ਅਤੇ ਜੋ ਵਿਅਕਤੀਗਤ ਅਤੇ ਭਾਈਚਾਰਕ ਨਤੀਜਿਆਂ ਨੂੰ ਸੁਚਾਰੂ ਬਣਾਉਣ ਵਿੱਚ ਯੋਗਦਾਨ ਪਾਉਂਦੀ ਹੈ। |
| | **2.4** ਭਾਈਚਾਰੇ ਦੀ ਅਗਵਾਈ ਵਾਲੇ ਦ੍ਰਿਸ਼ਟੀਕੋਣ ਨੂੰ ਸਮਰੱਥ ਬਣਾਓ | ਭਾਈਚਾਰੇ ਇਸ ਗੱਲ ਦੇ ਮੁੱਖ ਚਾਲਕ ਹਨ ਕਿ ਵਲੰਟੀਅਰਿੰਗ ਉਹਨਾਂ ਦੇ ਭਵਿੱਖ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ। |
| ਵਲੰਟੀਅਰਿੰਗ ਦੇ ਪ੍ਰਫੁੱਲਿਤ ਹੋਣ ਲਈ ਜ਼ਰੂਰੀ ਸ਼ਰਤਾਂ | **3.1** ਸਰਕਾਰ ਵਿੱਚ ਵਲੰਟੀਅਰਿੰਗ ਨੂੰ ਇੱਕ ਕਰਾਸ-ਪੋਰਟਫੋਲੀਓ ਮੁੱਦਾ ਬਣਾਓ | ਸਰਕਾਰਾਂ ਲਗਾਤਾਰ ਵਲੰਟੀਅਰਾਂ ਦੀਆਂ ਜ਼ਰੂਰਤਾਂ 'ਤੇ ਵਿਚਾਰ ਕਰ ਰਹੀਆਂ ਹਨ ਅਤੇ ਵਿਆਪਕ ਨੀਤੀ ਸੈਟਿੰਗਾਂ ਅਤੇ ਨਿਵੇਸ਼ ਰਾਹੀਂ ਵਲੰਟੀਅਰਿੰਗ ਦਾ ਸਮਰਥਨ ਕਰ ਰਹੀਆਂ ਹਨ। |
| | **3.2** ਮਜ਼ਬੂਤ ਲੀਡਰਸ਼ਿਪ ਅਤੇ ਸਾਂਝੀ ਜਵਾਬਦੇਹੀ ਬਣਾਓ | ਵਲੰਟੀਅਰਿੰਗ ਇੱਕ ਸਾਂਝੇ ਏਜੰਡੇ ਰਾਹੀਂ ਅੱਗੇ ਵਧਾਈ ਜਾਂਦੀ ਹੈ, ਜੋ ਕਿ ਮਜ਼ਬੂਤ ਲੀਡਰਸ਼ਿਪ, ਸਾਂਝੀ ਜਵਾਬਦੇਹੀ ਅਤੇ ਸੱਚੇ ਸਹਿਯੋਗ ਦੁਆਰਾ ਸਮਰਥਨ ਪ੍ਰਾਪਤ ਹੈ। |
| | **3.3** ਰਣਨੀਤਿਕ ਨਿਵੇਸ਼ ਲਈ ਵਚਨਬੱਧ ਹੋਵੋ | ਆਸਟ੍ਰੇਲੀਆ ਭਰ ਵਿੱਚ ਵਲੰਟੀਅਰਿੰਗ ਨੂੰ ਸਾਂਝੇ ਢਾਂਚੇ ਅਤੇ ਲਗਾਤਾਰ ਰਣਨੀਤਿਕ ਨਿਵੇਸ਼ ਰਾਹੀਂ ਸਮਰਥਨ ਮਿਲਦਾ ਹੈ। |
| | **3.4** ਵਲੰਟੀਅਰ ਪ੍ਰਬੰਧਨ ਦੀ ਮਹੱਤਤਾ ਨੂੰ ਪਛਾਣੋ | ਵਲੰਟੀਅਰ ਵਜੋਂ ਕੰਮ ਕਰਨ ਲਈ ਹੋਣ ਵਾਲੇ ਮਜ਼ਬੂਤ ਤਰੀਕਿਆਂ ਅਤੇ ਵਲੰਟੀਅਰਾਂ ਦੇ ਆਗੂਆਂ ਦੀ ਭੂਮਿਕਾ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਢੁੱਕਵੇਂ ਤਰੀਕੇ ਨਾਲ ਸਮਰਥਨ ਪ੍ਰਦਾਨ ਕੀਤਾ ਜਾਂਦਾ ਹੈ। |

# ਯੋਜਨਾਵਾਂ ਬਣਾਉਣ ਲਈ ਰਣਨੀਤਿਕ ਉਦੇਸ਼ਾਂ ਦੀ ਵਰਤੋਂ ਕਰਨਾ

ਇਹ ਗਿਆਰਾਂ ਰਣਨੀਤਿਕ ਉਦੇਸ਼ ਉਨ੍ਹਾਂ ਸਾਰਿਆਂ ਲਈ ਇੱਕ ਵਧੀਆ ਸ਼ੁਰੂਆਤੀ ਬਿੰਦੂ ਹਨ ਜੋ ਆਪਣੀ ਟੀਮ ਜਾਂ ਭਾਈਚਾਰੇ ਵਿੱਚ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦੀ ਵਰਤੋਂ ਕਰਨਾ ਚਾਹੁੰਦੇ ਹਨ।

ਸਮਝ ਨਹੀਂ ਆ ਰਿਹਾ ਕਿ ਕਿਵੇਂ ਸ਼ੁਰੂ ਕਰਨਾ ਹੈ? ਇੱਥੇ ਇੱਕ ਕਦਮ-ਦਰ-ਕਦਮ ਗਾਈਡ ਹੈ ਜੋ ਤੁਹਾਡੀ ਮਦਦ ਕਰ ਸਕਦੀ ਹੈ:

1. ਰਣਨੀਤਿਕ ਉਦੇਸ਼ਾਂ ਨੂੰ ਵੇਖੋ ਅਤੇ ਉਨ੍ਹਾਂ ਦੇ ਸੰਖੇਪ ਸਾਰ ਪੜ੍ਹੋ।
2. ਆਪਣੀਆਂ ਮੌਜੂਦਾ ਜ਼ਰੂਰਤਾਂ ਅਤੇ ਭਵਿੱਖ ਦੇ ਟੀਚਿਆਂ ਬਾਰੇ ਸੋਚੋ। ਉਹ ਰਣਨੀਤਿਕ ਉਦੇਸ਼ ਨੋਟ ਕਰੋ ਜਿਨ੍ਹਾਂ ਵਿੱਚ ਇਹਨਾਂ ਵਿਸ਼ਿਆਂ ਬਾਰੇ ਗੱਲ ਕੀਤੀ ਗਈ ਹੈ।
3. ਇਹ ਫ਼ੈਸਲਾ ਕਰੋ ਕਿ ਤੁਸੀਂ ਕਿਹੜੇ ਰਣਨੀਤਿਕ ਉਦੇਸ਼ਾਂ 'ਤੇ ਧਿਆਨ-ਕੇਂਦ੍ਰਿਤ ਕਰਨਾ ਚਾਹੁੰਦੇ ਹੋ (ਭਾਵੇਂ ਇਹ ਸਿਰਫ਼ ਇੱਕ ਹੀ ਕਿਉਂ ਨਾ ਹੋਵੇ!)
4. ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦੀ ਵੈੱਬਸਾਈਟ 'ਤੇ ਜਾਓ ਅਤੇ ਆਪਣੇ ਚੁਣੇ ਹੋਏ ਰਣਨੀਤਿਕ ਉਦੇਸ਼ਾਂ ਬਾਰੇ ਹੋਰ ਜਾਣਕਾਰੀ ਲੱਭਣ ਲਈ ਪੂਰਾ ਦਸਤਾਵੇਜ਼ ਡਾਊਨਲੋਡ ਕਰੋ।
5. ਇਸ ਬਾਰੇ ਸੋਚੋ ਕਿ ਇਹ ਰਣਨੀਤਿਕ ਉਦੇਸ਼ ਵਲੰਟੀਅਰਿੰਗ ਵਿੱਚ ਤੁਹਾਡੀਆਂ ਮੌਜੂਦਾ ਜ਼ਰੂਰਤਾਂ ਜਾਂ ਭਵਿੱਖ ਦੇ ਟੀਚਿਆਂ ਵਿੱਚ ਤੁਹਾਡੀ ਕਿਵੇਂ ਮਦਦ ਕਰ ਸਕਦੇ ਹਨ।
6. ਉਹ ਕਾਰਵਾਈਆਂ ਜਿਨ੍ਹਾਂ ਨੂੰ ਤੁਸੀਂ ਕਰਨਾ ਚਾਹੁੰਦੇ ਹੋ, ਉਹ ਫੰਡਿੰਗ ਜਿਸ ਲਈ ਤੁਸੀਂ ਅਰਜ਼ੀ ਦੇਣੀ ਚਾਹੁੰਦੇ ਹੋ, ਜਾਂ ਉਹ ਹੋਰ ਟੀਮਾਂ ਜਿਨ੍ਹਾਂ ਨਾਲ ਤੁਸੀਂ ਜੁੜਨਾ ਚਾਹੁੰਦੇ ਹੋ, ਉਨ੍ਹਾਂ ਸਭ ਲਈ ਕਾਰਵਾਈਆਂ ਲਈ ਖਰੜਾ ਯੋਜਨਾਵਾਂ ਸੰਖੇਪ ਵਿੱਚ ਲਿਖੋ।
7. ਆਪਣੀ ਟੀਮ ਜਾਂ ਭਾਈਚਾਰੇ ਦੇ ਮੈਂਬਰਾਂ ਨਾਲ ਮਿਲ ਕੇ ਇਨ੍ਹਾਂ ਯੋਜਨਾਵਾਂ ਨੂੰ ਹੋਰ ਵਿਕਸਤ ਕਰੋ।
8. ਕਾਰਵਾਈ ਕਰੋ ਅਤੇ ਸ਼ਾਮਲ ਹੋਵੋ!

ਯਾਦ ਰੱਖੋ - ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਨੂੰ ਆਸਟ੍ਰੇਲੀਆ ਭਰ ਵਿੱਚ ਬਹੁਤ ਸਾਰੇ ਲੋਕਾਂ ਦਾ ਸਮਰਥਨ ਪ੍ਰਾਪਤ ਹੈ। ਆਪਣੇ ਵਰਗੇ ਅਨੁਭਵ ਜਾਂ ਟੀਚਿਆਂ ਵਾਲੇ ਲੋਕਾਂ ਦੀ ਭਾਲ ਕਰੋ; ਇਸ ਨਾਲ ਸ਼ਾਇਦ ਤੁਹਾਨੂੰ ਤੁਹਾਡੇ ਭਾਈਚਾਰੇ ਵਿੱਚ ਕਿਸੇ ਪ੍ਰੋਜੈਕਟ 'ਤੇ ਇਕੱਠੇ ਮਿਲ ਕੇ ਕੰਮ ਕਰਨ ਦਾ ਮੌਕਾ ਮਿਲ ਸਕਦਾ ਹੈ।

### ਸੁਝਾਅ

- ਵਧੇਰੇ ਜਾਣਕਾਰੀ ਲਈ, ਪੂਰੇ ਰਾਸ਼ਟਰੀ ਵਲੰਟੀਅਰਿੰਗ ਰਣਨੀਤੀ ਦਸਤਾਵੇਜ਼ ਵਿੱਚ ਹਰੇਕ ਰਣਨੀਤਿਕ ਉਦੇਸ਼ ਦੇ ਹੇਠ ਦਿੱਤੇ ਖੋਜ ਲਿੰਕਾਂ ਨੂੰ ਵੇਖੋ, ਜਾਂ ਕਾਰਜ ਯੋਜਨਾ 2024–2027 ਵਿੱਚ ਉਸ ਰਣਨੀਤਿਕ ਉਦੇਸ਼ ਲਈ ਨਿਰਧਾਰਤ ਕਾਰਵਾਈਆਂ ਨੂੰ ਵੇਖੋ।
- ਕਦਮ 2 ਅਤੇ 3 ਤੁਹਾਡੀ ਟੀਮ ਜਾਂ ਭਾਈਚਾਰੇ ਦੇ ਹੋਰ ਮੈਂਬਰਾਂ ਨਾਲ ਵਰਕਸ਼ਾਪ ਦੇ ਹਿੱਸੇ ਵਜੋਂ ਵੀ ਕੀਤੇ ਜਾ ਸਕਦੇ ਹਨ। ਤੁਸੀਂ ਮੌਜੂਦਾ ਜ਼ਰੂਰਤਾਂ ਅਤੇ ਭਵਿੱਖ ਦੇ ਟੀਚਿਆਂ ਬਾਰੇ ਸਵਾਲ ਪੁੱਛ ਸਕਦੇ ਹੋ, ਜਿਵੇਂ ਕਿ:
  - ਜੇਕਰ ਤੁਸੀਂ ਸਾਡੀ ਟੀਮ ਜਾਂ ਭਾਈਚਾਰੇ ਵਿੱਚ ਵਲੰਟੀਅਰਿੰਗ ਬਾਰੇ ਇੱਕ ਚੀਜ਼ ਬਦਲ ਸਕਦੇ ਹੋ, ਤਾਂ ਇਹ ਕੀ ਹੋਵੇਗੀ?

- ਇੱਕ ਸਾਲ, ਤਿੰਨ ਸਾਲ ਅਤੇ ਦਸ ਸਾਲਾਂ ਵਿੱਚ ਅਸੀਂ ਆਪਣੀ ਟੀਮ ਜਾਂ ਭਾਈਚਾਰੇ ਨੂੰ ਕਿਹੜੀਆਂ ਹੋਰ ਗਤੀਵਿਧੀਆਂ ਕਰਦੇ ਦੇਖਣਾ ਚਾਹੁੰਦੇ ਹਾਂ? ਅਸੀਂ ਕਿਹੜੀਆਂ ਗਤੀਵਿਧੀਆਂ ਘੱਟ ਕਰਨਾ ਚਾਹੁੰਦੇ ਹਾਂ?
- ਕੀ ਸਾਡੀ ਟੀਮ ਦੇ ਤਜਰਬਿਆਂ ਜਾਂ ਹੁਨਰਾਂ ਵਿੱਚ, ਜਾਂ ਸਾਡੇ ਕੰਮ ਕਰਨ ਦੇ ਤਰੀਕਿਆਂ ਵਿੱਚ ਕੋਈ ਕਮੀ ਹੈ?
- ਕਿਹੜੇ ਰਣਨੀਤਿਕ ਉਦੇਸ਼ ਸਾਡੀ ਵਲੰਟੀਅਰਿੰਗ ਅਤੇ ਟੀਚਿਆਂ ਲਈ ਸਭ ਤੋਂ ਵੱਧ ਢੁੱਕਵੇਂ ਹਨ?

## ਕਾਰਜਕਾਰੀ ਰਾਸ਼ਟਰੀ ਰਣਨੀਤੀ

ਇੱਥੇ ਇੱਕ ਉਦਾਹਰਨ ਦਿੱਤੀ ਗਈ ਹੈ ਕਿ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਅਤੇ ਇਸਦੇ ਰਣਨੀਤਿਕ ਟੀਚੇ ਤੁਹਾਡੇ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਯੋਜਨਾਵਾਂ ਬਣਾਉਣ ਵਿੱਚ ਕਿਵੇਂ ਮਦਦ ਕਰ ਸਕਦੇ ਹਨ।

ਫਾਤਿਮਾ ਅਤੇ ਕੇਨ ਆਪਣੇ ਭਾਈਚਾਰੇ ਦੇ ਹਫ਼ਤਾਵਾਰੀ ਮੁਫ਼ਤ ਭੋਜਨ ਪ੍ਰੋਗਰਾਮ ਲਈ ਲੋਕਾਂ ਨੂੰ ਭੋਜਨ ਬਣਾਉਣ ਅਤੇ ਪੇਸ਼ ਕਰਨ ਲਈ ਇਕੱਠਾ ਕਰਨ ਵਿੱਚ ਮਦਦ ਕਰਦੇ ਹਨ। ਉਹ ਰਾਸ਼ਟਰੀ ਰਣਨੀਤੀ ਪੜ੍ਹਦੇ ਹਨ ਅਤੇ ਫ਼ੈਸਲਾ ਕਰਦੇ ਹਨ ਕਿ ਉਹ ਆਪਣੇ ਭਾਈਚਾਰੇ ਦੁਆਰਾ ਪਾਏ ਜਾ ਰਹੇ ਸਕਾਰਾਤਮਕ ਪ੍ਰਭਾਵ ਨੂੰ **ਰਣਨੀਤਿਕ ਟੀਚਾ 2.3: ਵਲੰਟੀਅਰਿੰਗ ਦੀ ਅੰਦਰੂਨੀ ਮਹੱਤਤਾ ਨੂੰ ਪਛਾਣੋ** ਦੇ ਹਿੱਸੇ ਵਜੋਂ ਮਨਾਉਣਾ ਚਾਹੁੰਦੇ ਹਨ।

ਫਾਤਿਮਾ ਅਤੇ ਕੇਨ ਆਪਣਾ ਜ਼ਿਆਦਾਤਰ ਸਮਾਂ ਲੋਕਾਂ ਨਾਲ ਸੰਪਰਕ ਕਰਨ ਵਿੱਚ ਬਿਤਾਉਂਦੇ ਹਨ ਅਤੇ ਉਨ੍ਹਾਂ ਕੋਲ ਆਪਣੇ ਭਾਈਚਾਰੇ ਦੇ ਵਲੰਟੀਅਰਿੰਗ ਦੇ ਪ੍ਰਭਾਵ ਨੂੰ ਮਾਪਣ ਲਈ ਕੋਈ ਪ੍ਰਕਿਰਿਆ ਨਹੀਂ ਹੈ। ਉਹ ਇੱਕ ਵਿਦਿਆਰਥੀ ਪ੍ਰੋਜੈਕਟ 'ਤੇ ਇਕੱਠੇ ਕੰਮ ਕਰਨ ਬਾਰੇ ਗੱਲ ਕਰਨ ਲਈ ਸਥਾਨਕ ਕਾਲਜਾਂ ਅਤੇ ਯੂਨੀਵਰਸਿਟੀਆਂ ਨਾਲ ਸੰਪਰਕ ਕਰਦੇ ਹਨ। ਕੇਨ, ਫਾਤਿਮਾ ਅਤੇ ਵਿਦਿਆਰਥੀ ਇਕੱਠੇ ਮਿਲ ਕੇ ਪਤਾ ਲਗਾਉਂਦੇ ਹਨ ਕਿ ਕਿੰਨੇ ਲੋਕਾਂ ਨੂੰ ਖਾਣਾ ਪਰੋਸਿਆ ਜਾਂਦਾ ਹੈ, ਭਾਈਚਾਰੇ ਦੁਆਰਾ ਦਿੱਤੇ ਗਏ ਘੰਟਿਆਂ ਦੀ ਗਿਣਤੀ ਕਿੰਨੀ ਹੈ ਅਤੇ ਲੋੜਵੰਦ ਵਿਅਕਤੀ ਨੂੰ ਖਾਣਾ ਮੁਹੱਈਆ ਕਰਵਾਉਣ ਦੀ ਕੀਮਤ ਕਿੰਨੀ ਹੈ।

ਕੇਨ ਇਹ ਜਾਣਕਾਰੀ ਭਾਈਚਾਰੇ ਨਾਲ ਸਾਂਝੀ ਕਰਦਾ ਹੈ ਅਤੇ ਉਹ ਵਲੰਟੀਅਰਿੰਗ ਦੇ ਸਕਾਰਾਤਮਕ ਪ੍ਰਭਾਵ ਦਾ ਜਸ਼ਨ ਮਨਾਉਣ ਲਈ ਇੱਕ ਸਮਾਗਮ ਆਯੋਜਿਤ ਕਰਦੇ ਹਨ। ਉਹ ਹਰ ਮਹੀਨੇ ਸਥਾਨਕ ਵਲੰਟੀਅਰਾਂ ਨਾਲ ਅੱਪਡੇਟ ਕੀਤੀ ਜਾਣਕਾਰੀ ਸਾਂਝੀ ਕਰਨਾ ਸ਼ੁਰੂ ਕਰਦਾ ਹੈ ਤਾਂ ਜੋ ਉਨ੍ਹਾਂ ਨੂੰ ਬਿਹਤਰ ਸਮਝ ਮਿਲ ਸਕੇ ਕਿ ਉਨ੍ਹਾਂ ਦੀ ਵਲੰਟੀਅਰਿੰਗ ਲੋਕਾਂ ਦੀ ਕਿਵੇਂ ਮਦਦ ਕਰਦੀ ਹੈ। ਕੇਨ ਨੇ ਦੇਖਿਆ ਕਿ ਕੁੱਝ ਨਵੇਂ ਭਾਈਚਾਰਕ ਮੈਂਬਰਾਂ ਨੇ ਹੋਰ ਵਲੰਟੀਅਰਾਂ ਤੋਂ ਇਸ ਭੋਜਨ ਪ੍ਰੋਗਰਾਮ ਬਾਰੇ ਸੁਣਿਆ ਅਤੇ ਮਦਦ ਲਈ ਅੱਗੇ ਆਏ ਹਨ।

ਆਪਣੀ ਸਥਾਨਕ ਵਲੰਟੀਅਰਿੰਗ ਦੀ ਸਿਰਮੌਰ ਸੰਸਥਾ ਰਾਹੀਂ, ਫਾਤਿਮਾ ਨੂੰ ਭਾਈਚਾਰਿਆਂ ਦੀ ਸਹਾਇਤਾ ਲਈ ਨਵੀਂ ਸਰਕਾਰੀ ਫੰਡਿੰਗ ਬਾਰੇ ਪਤਾ ਲੱਗਦਾ ਹੈ। ਉਹ ਆਪਣੇ ਭਾਈਚਾਰੇ ਦੇ ਪ੍ਰਭਾਵ ਬਾਰੇ ਇਕੱਠੀ ਕੀਤੀ ਜਾਣਕਾਰੀ ਦੀ ਵਰਤੋਂ ਅਰਜ਼ੀ ਦੇਣ ਲਈ ਕਰਦੀ ਹੈ। ਫਾਤਿਮਾ ਆਪਣੀ ਅਰਜ਼ੀ ਵਿੱਚ ਇਹ ਵੀ ਦੱਸਦੀ ਹੈ ਕਿ ਜੇਕਰ ਫੰਡਿੰਗ ਮੰਨਜ਼ੂਰ ਹੋਈ ਤਾਂ ਉਹ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਅਤੇ ਹੋਰ ਰਣਨੀਤਿਕ ਟੀਚਿਆਂ ਵੱਲ ਕੰਮ ਕਰਨਾ ਚਾਹੁੰਦੇ ਹਨ।

ਰਾਸ਼ਟਰੀ ਰਣਨੀਤੀ ਦੀ ਵਰਤੋਂ ਕਰਕੇ, ਕੇਨ ਅਤੇ ਫਾਤਿਮਾ ਨੇ ਸਫ਼ਲਤਾਪੂਰਵਕ **ਰਣਨੀਤਿਕ ਟੀਚਾ 2.3: ਵਲੰਟੀਅਰਿੰਗ ਦੀ ਅੰਦਰੂਨੀ ਮਹੱਤਤਾ ਨੂੰ ਪਛਾਣੋ** ਵੱਲ ਕੰਮ ਕੀਤਾ। ਇਸ ਦੌਰਾਨ, ਉਨ੍ਹਾਂ ਨੇ ਇਨ੍ਹਾਂ ਵਿੱਚ ਵੀ ਯੋਗਦਾਨ ਪਾਇਆ:

- **1.1** ਵਲੰਟੀਅਰ ਵਜੋਂ ਕੰਮ ਕਰਨ ਦੇ ਅਨੁਭਵ ‘ਤੇ ਧਿਆਨ- ਕੇਂਦ੍ਰਿਤ ਕਰਨਾ
- **2.1** ਵਲੰਟੀਅਰਿੰਗ ਦੀ ਸਮਝ ਵਿੱਚ ਵਿਭਿੰਨਤਾ ਲਿਆਉਣਾ
- **2.4** ਭਾਈਚਾਰੇ ਦੀ ਅਗਵਾਈ ਵਾਲੇ ਦ੍ਰਿਸ਼ਟੀਕੋਣ ਨੂੰ ਸਮਰੱਥ ਬਣਾਉਣਾ

ਅਤੇ, ਜੇਕਰ ਉਹਨਾਂ ਦੀ ਫੰਡਿੰਗ ਅਰਜ਼ੀ ਸਫਲ ਹੁੰਦੀ ਹੈ, ਤਾਂ ਫਾਤਿਮਾ ਅਤੇ ਕੇਨ ਕੋਲ ਇਹਨਾਂ ਰਣਨੀਤਿਕ ਉਦੇਸ਼ਾਂ ਵੱਲ ਕੰਮ ਕਰਨ ਲਈ ਵੀ ਸਰੋਤ ਹੋ ਸਕਦੇ ਹਨ:

- **3.3** ਰਣਨੀਤਿਕ ਨਿਵੇਸ਼ ਲਈ ਵਚਨਬੱਧ ਹੋਣਾ
- **3.4** ਵਲੰਟੀਅਰ ਪ੍ਰਬੰਧਨ ਦੀ ਮਹੱਤਤਾ ਨੂੰ ਪਛਾਣਨਾ

# ਕਾਰਜ ਯੋਜਨਾ 2024–2027

ਆਸਟ੍ਰੇਲੀਆ ਭਰ ਦੇ ਲੋਕ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦੀ ਵਰਤੋਂ ਕਰ ਰਹੇ ਹਨ ਤਾਂ ਜੋ ਆਪਣੇ ਭਾਈਚਾਰਿਆਂ ਵਿੱਚ ਵਲੰਟੀਅਰਿੰਗ ਦਾ ਸਮਰਥਨ ਕਰਨ ਲਈ ਕਾਰਵਾਈ ਕੀਤੀ ਜਾ ਸਕੇ। ਇਨ੍ਹਾਂ ਵਿੱਚੋਂ ਕੁਝ ਕਾਰਵਾਈਆਂ ਤਿੰਨ ਸਾਲਾ ਕਾਰਜ ਯੋਜਨਾਵਾਂ ਦਾ ਹਿੱਸਾ ਹਨ। ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਵਿੱਚ ਤਿੰਨ ਕਾਰਜ ਯੋਜਨਾਵਾਂ ਹੋਣਗੀਆਂ ਅਤੇ ਹਰ ਇੱਕ ਨੂੰ ਸਹਿ-ਡਿਜ਼ਾਈਨ ਰਾਹੀਂ ਤਿਆਰ ਕੀਤਾ ਗਿਆ ਹੈ ਤਾਂ ਜੋ ਵਲੰਟੀਅਰਿੰਗ ਲਈ ਬਿਹਤਰ ਭਵਿੱਖ ਬਣਾਉਣ ਲਈ ਸਭ ਤੋਂ ਮਹੱਤਵਪੂਰਨ ਕਾਰਵਾਈਆਂ ਦੀ ਪਛਾਣ ਕੀਤੀ ਜਾ ਸਕੇ।

ਪਹਿਲੀ ਕਾਰਜ ਯੋਜਨਾ ਦਾ ਨਾਮ ਕਾਰਜ ਯੋਜਨਾ 2024–2027 ਸੀ ਅਤੇ ਇਹ 2024 ਵਿੱਚ ਜਾਰੀ ਕੀਤੀ ਗਈ ਸੀ। ਇਸ ਵਿੱਚ ਸ਼ਾਮਲ ਸੀ:

- 22 ਕਾਰਵਾਈਆਂ, ਜੋ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦੇ ਸੁਪਨੇ ਅਤੇ ਰਣਨੀਤਿਕ ਉਦੇਸ਼ਾਂ ਨੂੰ ਹਾਸਲ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ।
- ਸਰਕਾਰੀ ਵਿਭਾਗਾਂ ਅਤੇ ਏਜੰਸੀਆਂ, ਵਲੰਟੀਅਰਿੰਗ ਲਈ ਛੋਟੀ ਦੀਆਂ ਸੰਸਥਾਵਾਂ, ਖੋਜਕਰਤਾਵਾਂ ਅਤੇ ਹੋਰ ਸੰਸਥਾਵਾਂ ਵੱਲੋਂ ਕੀਤੀਆਂ ਵਚਨਬੱਧਤਾਵਾਂ।
- ਤੁਹਾਡੇ ਲਈ ਕਾਰਵਾਈ ਕਰਨ ਅਤੇ ਸ਼ਾਮਲ ਹੋਣ ਦੇ ਮੌਕੇ।

ਕਾਰਜ ਯੋਜਨਾਵਾਂ ਇਸ ਗੱਲ ਨੂੰ ਵੇਖਣ ਦਾ ਇੱਕ ਵਧੀਆ ਤਰੀਕਾ ਹਨ ਕਿ ਦੂਸਰੇ ਲੋਕ ਕੀ ਕਰ ਰਹੇ ਹਨ ਅਤੇ ਇਸ ਗੱਲ ਲਈ ਪ੍ਰੇਰਨਾ ਲੈ ਸਕਦੇ ਹੋ ਕਿ ਤੁਸੀਂ ਆਪਣੇ ਭਾਈਚਾਰੇ ਵਿੱਚ ਵਲੰਟੀਅਰਿੰਗ ਨੂੰ ਮਜ਼ਬੂਤ ਬਣਾਉਣ ਲਈ ਕੀ ਕਰ ਸਕਦੇ ਹੋ। ਇਨ੍ਹਾਂ 22 ਕਾਰਵਾਈਆਂ ਵਿੱਚ, ਹਰੇਕ ਲਈ ਕੁੱਝ ਨਾ ਕੁੱਝ ਹੈ।

2024-2027 ਦੀ ਕਾਰਜ ਯੋਜਨਾ, ਵਲੰਟੀਅਰਿੰਗ  ਲਈ ਰਾਸ਼ਟਰੀ ਰਣਨੀਤੀ ਦੇ ਦਸ ਸਾਲਾਂ ਵਿੱਚ ਇੱਕ ਮਹੱਤਵਪੂਰਨ ਕਦਮ ਹੈ, ਪਰ ਇਹ ਇਸ ਵਿੱਚ ਸ਼ਾਮਲ ਹੋਣ ਦਾ ਇੱਕੋ ਇੱਕ ਤਰੀਕਾ ਨਹੀਂ ਹੈ। ਬਹੁਤ ਸਾਰੇ ਗਰੁੱਪ ਇਸ ਕਾਰਜ ਯੋਜਨਾ ਤੋਂ ਬਾਹਰ ਕਾਰਵਾਈ ਕਰਨ ਦੀ ਚੋਣ ਕਰਦੇ ਹਨ, ਉਹ ਖੁਦਮੁਖਤਿਆਰ ਪ੍ਰੋਜੈਕਟਾਂ ‘ਤੇ ਕੰਮ ਕਰਦੇ ਹਨ ਜੋ ਉਨ੍ਹਾਂ ਦੀ ਟੀਮ ਜਾਂ ਭਾਈਚਾਰੇ ਦੀਆਂ ਜ਼ਰੂਰਤਾਂ ਨਾਲ ਸਭ ਤੋਂ ਵੱਧ ਮੇਲ ਖਾਂਦੇ ਹਨ।

ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਸਿਰਫ਼ ਤਦੋਂ ਹੀ ਪੂਰੀ ਹੋ ਸਕਦੀ ਹੈ ਜਦੋਂ ਆਸਟ੍ਰੇਲੀਆ ਭਰ ਦੇ ਲੋਕ ਇਕੱਠੇ ਮਿਲ ਕੇ ਕਾਰਵਾਈ ਕਰਨਗੇ। ਵਲੰਟੀਅਰਿੰਗ ਨੂੰ ਮਜ਼ਬੂਤ ਕਰਨ ਲਈ ਤੁਸੀਂ ਜੋ ਵੀ ਕਰ ਸਕਦੇ ਹੋ, ਉਹ ਮਹੱਤਵਪੂਰਨ ਹੈ, ਭਾਵੇਂ ਇਹ ਵੱਡਾ ਹੋਵੇ ਜਾਂ ਛੋਟਾ, ਸਥਾਨਕ ਹੋਵੇ ਜਾਂ ਰਾਸ਼ਟਰੀ, ਕਿਸੇ ਕਾਰਜ ਯੋਜਨਾ ਦਾ ਹਿੱਸਾ ਹੋਵੇ ਜਾਂ ਆਤਮ-ਨਿਰਭਰ ਤੌਰ 'ਤੇ ਕੀਤਾ ਗਿਆ ਕੁੱਝ।

ਤੁਸੀਂ volunteeringstrategy.org.au 'ਤੇ ਜਾ ਕੇ ਕਾਰਜ ਯੋਜਨਾ 2024–2027 ਡਾਊਨਲੋਡ ਕਰ ਸਕਦੇ ਹੋ।

# 2024–2027 ਦੀ ਕਾਰਜ ਯੋਜਨਾ ਵਿੱਚ ਸ਼ਾਮਲ ਹੋਣਾ

ਜਾਣਨਾ ਚਾਹੁੰਦੇ ਹੋ ਕਿ ਤੁਸੀਂ ਵਲੰਟੀਅਰਿੰਗ ਦਾ ਸਮਰਥਨ ਕਰਨ ਲਈ ਕਿਵੇਂ ਕਾਰਵਾਈ ਕਰ ਸਕਦੇ ਹੋ? ਕਾਰਜ ਯੋਜਨਾ 2024–2027 ਸ਼ੁਰੂਆਤ ਕਰਨ ਲਈ ਇੱਕ ਵਧੀਆ ਜਗ੍ਹਾ ਹੈ। ਇਸ ਵਿੱਚ 22 ਕਾਰਵਾਈਆਂ ਹਨ ਅਤੇ ਵਲੰਟੀਅਰਾਂ, ਸਮੂਹਾਂ ਅਤੇ ਭਾਈਚਾਰਿਆਂ ਲਈ ਸ਼ਾਮਲ ਹੋਣ ਦੇ ਬਹੁਤ ਸਾਰੇ ਤਰੀਕੇ ਹਨ। ਕਾਰਵਾਈਆਂ ਅਤੇ ਉਨ੍ਹਾਂ ਨਾਲ ਜੁੜੀਆਂ ਸਹਾਇਕ ਕਾਰਵਾਈਆਂ ਦੀ ਸਮੀਖਿਆ ਕਰੋ ਤਾਂ ਜੋ ਤੁਸੀਂ ਜਾਣ ਸਕੋ ਕਿ ਤੁਸੀਂ ਕੀ ਕਰ ਸਕਦੇ ਹੋ।

ਕਾਰਜ ਯੋਜਨਾ ਦੀ ਵਰਤੋਂ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਇੱਥੇ ਇੱਕ ਕਦਮ-ਦਰ-ਕਦਮ ਗਾਈਡ ਉਪਲਬਧ ਹੈ:

1. ਕਾਰਜ ਯੋਜਨਾ 2024–2027 ਦੀਆਂ ਕਾਰਵਾਈਆਂ ਨੂੰ ਪੜ੍ਹੋ।
2. ਆਪਣੀਆਂ ਮੌਜੂਦਾ ਜ਼ਰੂਰਤਾਂ ਅਤੇ ਭਵਿੱਖ ਦੇ ਟੀਚਿਆਂ ਬਾਰੇ ਸੋਚੋ। ਉਨ੍ਹਾਂ ਕਾਰਵਾਈਆਂ ਨੂੰ ਨੋਟ ਕਰੋ ਜੋ ਤੁਹਾਡੀ ਮਦਦ ਕਰ ਸਕਦੀਆਂ ਹਨ।
3. ਸ਼ੁਰੂਆਤ ਕਰਨ ਦੇ ਸੁਝਾਏ ਗਏ ਤਰੀਕਿਆਂ ਲਈ ਕਾਰਵਾਈਆਂ ਅਤੇ ਸਹਾਇਕ ਕਾਰਵਾਈ ਵਾਲੇ ਕਾਲਮ ਨੂੰ ਵੇਖੋ।
4. ਇਹ ਚੁਣੋ ਕਿ ਤੁਸੀਂ ਕਿਹੜੀਆਂ ਕਾਰਵਾਈਆਂ ‘ਤੇ ਧਿਆਨ-ਕੇਂਦ੍ਰਿਤ ਕਰਨਾ ਚਾਹੁੰਦੇ ਹੋ।
5. ਜੇਕਰ ਕੋਈ ਕਾਰਵਾਈ ਕਿਸੇ ਛੋਟੀ ਦੀ ਸੰਸਥਾ, ਸਰਕਾਰੀ ਵਿਭਾਗ, ਏਜੰਸੀ ਜਾਂ ਕਿਸੇ ਹੋਰ ਸੰਸਥਾ ਵੱਲੋਂ ਦੀ ਅਗਵਾਈ ਹੇਠ ਕੀਤੀ ਜਾ ਰਹੀ ਹੈ, ਤਾਂ ਉਸ ਗਰੁੱਪ ਦੀ ਵੈੱਬਸਾਈਟ ਜਾਂ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦੀ ਵੈੱਬਸਾਈਟ ‘ਤੇ ਜਾ ਕੇ ਤਾਜ਼ਾ ਜਾਣਕਾਰੀ ਚੈੱਕ ਕਰੋ।
6. ਜਿਨ੍ਹਾਂ ਕਾਰਵਾਈਆਂ ਨੂੰ ਤੁਸੀਂ ਕਰਨਾ ਚਾਹੁੰਦੇ ਹੋ, ਉਨ੍ਹਾਂ ਲਈ ਛੋਟੇ ਖਾਕੇ-ਵਾਂਗ ਯੋਜਨਾਵਾਂ ਲਿਖੋ, ਅਤੇ ਇਹ ਵੀ ਲਿਖੋ ਕਿ ਇਹ ਤੁਹਾਡੀ ਟੀਮ, ਭਾਈਚਾਰੇ ਜਾਂ ਸਮੂਹ ਲਈ ਕਿਹੋ ਜਿਹੀਆਂ ਦਿਖਾਈ ਦੇ ਸਕਦੀਆਂ ਹਨ।
7. ਆਪਣੀ ਟੀਮ ਜਾਂ ਭਾਈਚਾਰੇ ਦੇ ਮੈਂਬਰਾਂ ਨਾਲ ਮਿਲ ਕੇ ਇਨ੍ਹਾਂ ਯੋਜਨਾਵਾਂ ਨੂੰ ਹੋਰ ਵਿਕਸਤ ਕਰੋ। ਤੁਸੀਂ ਜਿਸ ਕਾਰਵਾਈ ‘ਤੇ ਕੰਮ ਕਰ ਰਹੇ ਹੋ, ਉਸਦੇ ਅਨੁਸਾਰ ਤੁਸੀਂ ਮੁੱਖ ਹਿੱਤਧਾਰਕਾਂ ਨਾਲ ਸੰਪਰਕ ਕਰਨਾ ਅਤੇ ਮਾਰਗਦਰਸ਼ਨ ਲੈਣਾ ਚਾਹ ਸਕਦੇ ਹੋ।
8. ਕਾਰਵਾਈ ਕਰੋ ਅਤੇ ਸ਼ਾਮਲ ਹੋਵੋ!

### ਸੁਝਾਅ

- ਹਰੇਕ ਕਾਰਵਾਈ ਇੱਕ ਜਾਂ ਇੱਕ ਤੋਂ ਵੱਧ ਰਣਨੀਤਿਕ ਉਦੇਸ਼ਾਂ ਨੂੰ ਹਾਸਲ ਕਰਨ ਵਿੱਚ ਮਦਦ ਕਰਦੀ ਹੈ। ਜੇਕਰ ਤੁਸੀਂ ਵੇਖ ਲਿਆ ਹੈ ਕਿ ਕਿਹੜੇ ਰਣਨੀਤਿਕ ਉਦੇਸ਼ ਤੁਹਾਡੇ ਲਈ ਸਭ ਤੋਂ ਵੱਧ ਢੁੱਕਵੇਂ ਹਨ, ਤਾਂ ਇਹ ਵੀ ਚੈੱਕ ਕਰੋ ਕਿ ਕਿਹੜੀਆਂ ਕਾਰਵਾਈਆਂ ਵਿੱਚ ਉਹ ਰਣਨੀਤਿਕ ਉਦੇਸ਼ ਸੂਚੀਬੱਧ ਹਨ, ਅਤੇ ਉਨ੍ਹਾਂ ਨੂੰ ਸ਼ੁਰੂਆਤੀ ਬਿੰਦੂ ਵਜੋਂ ਵਰਤੋਂ।
- ਕਾਰਜ ਯੋਜਨਾਵਾਂ ਤਿੰਨ ਸਾਲਾਂ ਲਈ ਚੱਲਦੀਆਂ ਹਨ, ਅਤੇ ਕੁੱਝ ਕਾਰਵਾਈਆਂ ਹੋਰਾਂ ਤੋਂ ਪਹਿਲਾਂ ਪੂਰੀ ਕੀਤੀਆਂ ਜਾ ਸਕਦੀਆਂ ਹਨ। ਤੁਹਾਨੂੰ ਇਹ ਵੀ ਦੇਖਣ ਦੀ ਲੋੜ ਪੈ ਸਕਦੀ ਹੈ ਕਿ ਜਿਸ ਕਾਰਵਾਈ ਦਾ ਤੁਸੀਂ ਸਮਰਥਨ ਕਰਨਾ ਚਾਹੁੰਦੇ ਹੋ, ਕੀ ਉਹ ਤੁਹਾਡੇ ਸ਼ਾਮਲ ਹੋਣ ਲਈ ਤਿਆਰ ਹੈ ਜਾਂ ਨਹੀਂ। ਜੇਕਰ ਤੁਹਾਨੂੰ ਯਕੀਨ ਨਹੀਂ ਹੈ, ਤਾਂ ਵੈੱਬਸਾਈਟ ਦੀ ਵਰਤੋਂ ਕਰਕੇ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਟੀਮ ਨਾਲ ਸੰਪਰਕ ਕਰੋ।
- ਕਾਰਜ ਯੋਜਨਾ 2024–2027 ਦਸਤਾਵੇਜ਼ ਦੇ ਅੰਤ ਵਿੱਚ, ਸਹਿ-ਡਿਜ਼ਾਈਨ ਪ੍ਰਕਿਰਿਆ ਦੌਰਾਨ ਸੁਝਾਈਆਂ ਗਈਆਂ ਹੋਰ ਕਾਰਵਾਈਆਂ ਦੀ ਇੱਕ ਸੂਚੀ ਦਿੱਤੀ ਗਈ ਹੈ। ਇਹ ਸਾਰੇ ਉਨ੍ਹਾਂ ਕਾਰਵਾਈਆਂ ਲਈ ਵਿਚਾਰ ਹਨ ਜੋ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਨੂੰ ਹਾਸਲ ਕਰਨ ਵਿੱਚ ਮਦਦ ਕਰਨਗੇ। ਸੁਝਾਈਆਂ ਗਈਆਂ ਕਾਰਵਾਈਆਂ ਨੂੰ ਪੜ੍ਹੋ ਅਤੇ ਆਪਣੀ ਲੋੜ ਅਨੁਸਾਰ ਕਿਸੇ ਵੀ ਨੂੰ ਬੇਝਿਜਕ ਵਰਤੋ!

# ਪ੍ਰਭਾਵ ਬਾਰੇ ਗੱਲ ਕਰਨ ਲਈ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦੀ ਵਰਤੋਂ

ਵਲੰਟੀਅਰਿੰਗ ਸਾਨੂੰ ਸਭ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਸਦਾ ਸਕਾਰਾਤਮਕ ਅਸਰ ਪੂਰੇ ਦੇਸ਼ ਵਿੱਚ ਵੇਖਿਆ ਜਾ ਸਕਦਾ ਹੈ। ਤੁਸੀਂ ਆਪਣੇ ਭਾਈਚਾਰਿਆਂ ਵਿੱਚ ਵਲੰਟੀਅਰਿੰਗ ਦੇ ਪ੍ਰਭਾਵ ਬਾਰੇ ਗੱਲ ਕਰਨ ਲਈ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦੀ ਵਰਤੋਂ ਕਰ ਸਕਦੇ ਹੋ। ਇਹ ਹੇਠਾਂ ਦਿੱਤੀਆਂ ਗੱਲਾਂ ਲਈ ਬਹੁਤ ਲਾਭਦਾਇਕ ਹੈ:

- ਮੌਜੂਦਾ ਵਲੰਟੀਅਰਾਂ ਨੂੰ ਇਹ ਦੱਸ ਕੇ ਪ੍ਰੇਰਿਤ ਕਰਨ ਲਈ ਕਿ ਉਨ੍ਹਾਂ ਨੇ ਦੂਜੇ ਲੋਕਾਂ ਦੀ ਜ਼ਿੰਦਗੀ ਵਿੱਚ ਕੀ ਫ਼ਰਕ ਪਾਇਆ ਹੈ।
- ਉਨ੍ਹਾਂ ਨਵੇਂ ਲੋਕਾਂ ਨਾਲ ਜੁੜਨ ਲਈ ਜੋ ਵਲੰਟੀਅਰਿੰਗ ਕਰਨਾ ਚਾਹੁੰਦੇ ਹਨ, ਅਤੇ ਉਨ੍ਹਾਂ ਨੂੰ ਤੁਹਾਡੇ ਮਿਸ਼ਨ ਅਤੇ ਪੈਣ ਵਾਲੇ ਪ੍ਰਭਾਵ ਬਾਰੇ ਹੋਰ ਜਾਣਕਾਰੀ ਦੇਣਾ।
- ਵਲੰਟੀਅਰਿੰਗ ਅਤੇ ਇਸਦੇ ਫਾਇਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ।
- ਫੰਡਿੰਗ ਅਤੇ ਸਰੋਤਾਂ ਲਈ ਅਰਜ਼ੀ ਦੇਣ ਲਈ, ਆਪਣੇ ਕੰਮ ਦੀਆਂ ਮਿਸਾਲਾਂ ਰਾਹੀਂ ਦਿਖਾਉਣਾ ਕਿ ਤੁਸੀਂ ਕੀ ਕਰ ਰਹੇ ਹੋ ਅਤੇ ਹੋਰ ਕੀ ਕੁੱਝ ਕੀਤਾ ਜਾ ਸਕਦਾ ਹੈ।

ਸਮਝ ਨਹੀਂ ਆ ਰਿਹਾ ਕਿ ਕਿਵੇਂ ਸ਼ੁਰੂ ਕਰਨਾ ਹੈ? ਇੱਥੇ ਕੁੱਝ ਕਦਮ ਹਨ ਜੋ ਤੁਸੀਂ ਚੁੱਕ ਸਕਦੇ ਹੋ:

1. ਉਸ ਵਲੰਟੀਅਰਿੰਗ ਬਾਰੇ ਸੋਚੋ ਜੋ ਤੁਸੀਂ ਜਾਂ ਤੁਹਾਡੀ ਟੀਮ ਦੇ ਹੋਰ ਲੋਕ ਕਰਦੇ ਹਨ ਅਤੇ ਇਹ ਕਿਵੇਂ ਲੋਕਾਂ ਦੀ ਮਦਦ ਕਰਦੀ ਹੈ। ਤੁਸੀਂ ਇਸ ਬਾਰੇ ਇਕੱਲੇ ਸੋਚ ਸਕਦੇ ਹੋ ਜਾਂ ਲੋਕਾਂ ਦੇ ਸਮੂਹ ਨਾਲ ਇਸ ਬਾਰੇ ਗੱਲ ਕਰ ਸਕਦੇ ਹੋ। ਇਹ ਅਜਿਹੇ ਸਵਾਲ ਪੁੱਛਣ ਵਿੱਚ ਮਦਦ ਕਰ ਸਕਦਾ ਹੈ ਜਿਵੇਂ ਕਿ:
    - ਕੀ ਵਲੰਟੀਅਰਿੰਗ ਲੋਕਾਂ, ਜਾਨਵਰਾਂ, ਵਾਤਾਵਰਣ, ਜਾਂ ਕਿਸੇ ਹੋਰ ਚੀਜ਼ ਦੀ ਮਦਦ ਕਰਦੀ ਹੈ?
    - ਕੀ ਵਲੰਟੀਅਰਿੰਗ ਸਾਰਿਆਂ ਦੀ ਮਦਦ ਕਰਦੀ ਹੈ, ਜਾਂ ਕੀ ਇਹ ਕਿਸੇ ਖ਼ਾਸ ਸਮੂਹ 'ਤੇ ਕੇਂਦ੍ਰਿਤ ਹੈ?
    - ਕੀ ਤੁਸੀਂ ਇੱਕ ਵਾਕ ਵਿੱਚ ਦੱਸ ਸਕਦੇ ਹੋ ਕਿ ਤੁਹਾਡੀ ਵਲੰਟੀਅਰਿੰਗ ਕੀ ਹਾਸਲ ਕਰਦੀ ਹੈ?
    - ਵਲੰਟੀਅਰਿੰਗ ਦਾ ਇੱਕ ਸੱਚਮੁੱਚ ਚੰਗਾ ਦਿਨ ਕਿਹੋ ਜਿਹਾ ਲੱਗਦਾ ਹੈ?
    - ਕੀ ਕੋਈ ਅਜਿਹਾ ਪਲ ਹੈ ਜਿਸ 'ਤੇ ਤੁਸੀਂ ਸਭ ਤੋਂ ਵੱਧ ਮਾਣ ਮਹਿਸੂਸ ਕਰਦੇ ਹੋ?
    - ਜੇਕਰ ਵਲੰਟੀਅਰਿੰਗ ਬੰਦ ਹੋ ਜਾਵੇ ਤਾਂ ਕੀ ਹੋ ਸਕਦਾ ਹੈ?
    - ਵਲੰਟੀਅਰਿੰਗ ਕਰਦੇ ਸਮੇਂ ਤੁਹਾਨੂੰ ਜਾਂ ਦੂਜਿਆਂ ਨੂੰ ਅਨੁਭਵ ਚੰਗਾ ਹੋਵੇ, ਇਸ ਲਈ ਤੁਸੀਂ ਕੀ ਕਰਦੇ ਹੋ?
    - ਕੀ ਵਲੰਟੀਅਰਿੰਗ ਨੇ ਤੁਹਾਡੀ ਜ਼ਿੰਦਗੀ ਬਦਲ ਦਿੱਤੀ ਹੈ, ਜਾਂ ਦੂਜਿਆਂ ਦੀ ਜ਼ਿੰਦਗੀ ਬਦਲ ਦਿੱਤੀ ਹੈ ਜੋ ਵਲੰਟੀਅਰਿੰਗ ਕਰਦੇ ਹਨ?
2. ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦੇ ਗਿਆਰਾਂ ਰਣਨੀਤਿਕ ਉਦੇਸ਼ਾਂ ਅਤੇ ਉਨ੍ਹਾਂ ਦੇ ਨਤੀਜਿਆਂ ਨੂੰ ਵੇਖੋ।

3. ਹਰੇਕ ਰਣਨੀਤਿਕ ਉਦੇਸ਼ ਲਈ ਇਹ ਸੋਚੋ ਕਿ ਕੀ ਤੁਸੀਂ ਜਾਂ ਤੁਹਾਡੇ ਭਾਈਚਾਰੇ ਦੇ ਵਲੰਟੀਅਰ ਉਸ ਰਣਨੀਤਿਕ ਉਦੇਸ਼ ਅਤੇ ਇਸਦੇ ਨਤੀਜੇ ਨੂੰ ਹਾਸਲ ਕਰਨ ਵਿੱਚ ਯੋਗਦਾਨ ਪਾਉਂਦੇ ਹੋ।
   ਕੀ ਕੋਈ ਅਜਿਹੀਆਂ ਕਹਾਣੀਆਂ ਜਾਂ ਅੰਕੜੇ ਹਨ ਜੋ ਇਸ ਬਾਰੇ ਗੱਲ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ?
4. ਜੇਕਰ ਤੁਸੀਂ ਫੰਡਿੰਗ ਜਾਂ ਸਹਾਇਤਾ ਲਈ ਅਰਜ਼ੀ ਦੇ ਰਹੇ ਹੋ, ਤਾਂ ਰਣਨੀਤਿਕ ਟੀਚਿਆਂ ਨੂੰ ਦੁਬਾਰਾ ਵੇਖੋ ਅਤੇ ਸੋਚੋ ਕਿ ਜੇਕਰ ਤੁਹਾਡੇ ਕੋਲ ਵਧੇਰੇ ਸਰੋਤ ਜਾਂ ਇੱਕ ਵੱਡੀ ਟੀਮ ਹੁੰਦੀ ਤਾਂ ਤੁਸੀਂ ਕੀ ਕਰ ਸਕਦੇ ਸੀ।
5. ਇਸ ਸਾਰੀ ਜਾਣਕਾਰੀ ਦੀ ਵਰਤੋਂ ਕਰਦੇ ਹੋਏ, ਲਿਖੋ ਕਿ ਤੁਸੀਂ ਜਾਂ ਤੁਹਾਡੇ ਭਾਈਚਾਰੇ ਦੇ ਹੋਰ ਲੋਕ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਨੂੰ ਹਾਸਲ ਕਰਨ ਵਿੱਚ ਕਿਵੇਂ ਮਦਦ ਕਰ ਰਹੇ ਹਨ।
   ਤੁਸੀਂ ਇਸਨੂੰ ਦੋ ਤਰੀਕਿਆਂ ਨਾਲ ਲਿਖਣਾ ਚਾਹ ਸਕਦੇ ਹੋ: ਨਿਯਮਤ ਅੱਪਡੇਟ ਜਾਂ ਇੰਟਰਨੈੱਟ 'ਤੇ ਸਾਂਝਾ ਕਰਨ ਲਈ ਇੱਕ ਛੋਟਾ ਰੂਪ, ਅਤੇ ਰਿਪੋਰਟਾਂ, ਰਸਮੀ ਪੱਤਰਾਂ ਜਾਂ ਗ੍ਰਾਂਟ ਅਰਜ਼ੀਆਂ ਲਈ ਇੱਕ ਲੰਮਾ ਰੂਪ।

ਹੁਣ ਜਦੋਂ ਤੁਹਾਡੇ ਕੋਲ ਵਲੰਟੀਅਰਿੰਗ  ਦੇ ਸਕਾਰਾਤਮਕ ਪ੍ਰਭਾਵ ਦਾ ਵਰਣਨ ਕਰਨ ਦਾ ਇੱਕ ਤਰੀਕਾ ਹੈ, ਤਾਂ ਤੁਸੀਂ ਇਸਨੂੰ ਵਲੰਟੀਅਰਿੰਗ ਦਾ ਜਸ਼ਨ ਮਨਾਉਣ ਅਤੇ ਇਸਦੀ ਮਹੱਤਤਾ ਨੂੰ ਪਛਾਣਨ ਲਈ ਵਰਤ ਸਕਦੇ ਹੋ। ਤੁਸੀਂ ਇਹ ਕੰਮ ਨਿਊਜ਼ਲੈਟਰ, ਸੋਸ਼ਲ ਮੀਡੀਆ, ਕਿਸੇ ਸਮਾਗਮ, ਪੁਰਸਕਾਰਾਂ, ਫੰਡਿੰਗ ਅਰਜ਼ੀਆਂ ਜਾਂ ਸਿਆਸਤਦਾਨਾਂ, ਸਰਕਾਰੀ ਅਧਿਕਾਰੀਆਂ ਜਾਂ ਭਾਈਚਾਰੇ ਦੇ ਨੇਤਾਵਾਂ ਨਾਲ ਮੀਟਿੰਗਾਂ ਰਾਹੀਂ ਕਰ ਸਕਦੇ ਹੋ।

**ਸੁਝਾਅ**

- ਸਾਲ ਭਰ ਦੌਰਾਨ ਵਲੰਟੀਅਰਿੰਗ ਦਾ ਜਸ਼ਨ ਮਨਾਉਣ ਲਈ ਖ਼ਾਸ ਦਿਨ ਅਤੇ ਸਮਾਗਮ ਹੁੰਦੇ ਹਨ। ਸੋਚੋ ਕਿ ਤੁਸੀਂ ਇਨ੍ਹਾਂ ਵਿੱਚ ਸ਼ਾਮਿਲ ਹੋਣ ਲਈ ਕੀ ਕਰ ਸਕਦੇ ਹੋ! ਇਨ੍ਹਾਂ ਵਿੱਚ ਰਾਸ਼ਟਰੀ ਵਲੰਟੀਅਰ ਹਫ਼ਤਾ (ਮਈ ਵਿੱਚ), ਅੰਤਰਰਾਸ਼ਟਰੀ ਵਲੰਟੀਅਰ ਦਿਵਸ (5 ਦਸੰਬਰ) ਅਤੇ ਅੰਤਰਰਾਸ਼ਟਰੀ ਵਲੰਟੀਅਰ ਪ੍ਰਬੰਧਕ ਦਿਵਸ (5 ਨਵੰਬਰ) ਸ਼ਾਮਲ ਹਨ। ਤੁਹਾਡੇ ਸਥਾਨਕ ਇਲਾਕੇ ਵਿੱਚ ਵੀ ਸਮਾਗਮ ਹੋ ਸਕਦੇ ਹਨ ਅਤੇ ਤੁਹਾਡੇ ਭਾਈਚਾਰੇ ਵਿੱਚ ਹੋਣ ਵਾਲੀ ਵਲੰਟੀਅਰਿੰਗ ਦੀ ਕਿਸਮ ਲਈ ਹੋਰ ਮਹੱਤਵਪੂਰਨ ਤਾਰੀਖਾਂ ਵੀ ਹੋ ਸਕਦੀਆਂ ਹਨ।
- ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਵਿੱਚ ਵਲੰਟੀਅਰਿੰਗ, ਹਾਲੀਆ ਰੁਝਾਨਾਂ ਅਤੇ ਇਸਦੇ ਪ੍ਰਭਾਵ ਬਾਰੇ ਵਿਸ਼ਾਲ ਖੋਜ ਸ਼ਾਮਲ ਹੈ। ਇਨ੍ਹਾਂ ਵਿੱਚੋਂ ਕੁੱਝ ਤੁਹਾਨੂੰ ਵਲੰਟੀਅਰਿੰਗ ਬਾਰੇ ਗੱਲ ਕਰਨ ਵਿੱਚ ਮਦਦ ਕਰ ਸਕਦੀਆਂ ਹਨ।
- ਜੇਕਰ ਤੁਸੀਂ ਵਲੰਟੀਅਰਿੰਗ ਦੇ ਪ੍ਰਭਾਵ ਬਾਰੇ ਗੱਲ ਕਰਨ ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ, ਤਾਂ ਤੁਸੀਂ ਵਲੰਟੀਅਰਿੰਗ ਦੀਆਂ ਸਿਰਮੌਰ ਸੰਸਥਾਵਾਂ, ਸਿੱਖਿਆ ਸਮੂਹਾਂ (ਜਿਵੇਂ ਕਿ ਕਾਲਜ, ਯੂਨੀਵਰਸਿਟੀਆਂ ਜਾਂ TAFE), ਜਾਂ ਕਿਸੇ ਅਜਿਹੀ ਸੰਸਥਾ ਨਾਲ ਸੰਪਰਕ ਕਰਨਾ ਚਾਹ ਸਕਦੇ ਹੋ ਜਿਸਨੇ ਕੁੱਝ ਅਜਿਹਾ ਹੀ ਕੰਮ ਕੀਤਾ ਹੋਵੇ।
- ਸਿਰਮੌਰ ਸੰਸਥਾਵਾਂ, ਸਰਕਾਰੀ ਵਿਭਾਗ ਅਤੇ ਸਿਆਸਤਦਾਨ ਤੁਹਾਡੇ ਇਲਾਕੇ ਵਿੱਚ ਉਪਲਬਧ ਗ੍ਰਾਂਟਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

# ਸ਼ਾਮਲ ਹੋਣ ਦੇ ਹੋਰ ਤਰੀਕੇ

ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦਾ ਹਿੱਸਾ ਬਣਨ ਦੇ ਬਹੁਤ ਸਾਰੇ ਤਰੀਕੇ ਹਨ—ਅਤੇ ਸੰਭਵ ਹੈ ਕਿ ਤੁਸੀਂ ਕੁਝ ਅਜਿਹਾ ਲੱਭ ਲਵੋ ਜੋ ਪਹਿਲਾਂ ਕਦੇ ਨਹੀਂ ਕੀਤਾ ਗਿਆ!

ਇੱਥੇ ਕੁੱਝ ਹੋਰ ਸੁਝਾਅ ਦਿੱਤੇ ਗਏ ਹਨ ਕਿ ਤੁਸੀਂ ਕਿਵੇਂ ਸ਼ਾਮਲ ਹੋ ਸਕਦੇ ਹੋ ਅਤੇ ਵਲੰਟੀਅਰਿੰਗ ਨੂੰ ਆਸਟ੍ਰੇਲੀਆਈ ਭਾਈਚਾਰਿਆਂ ਦਾ ਕੇਂਦਰ ਬਣਾਉਣ ਵਿੱਚ ਕਿਵੇਂ ਯੋਗਦਾਨ ਪਾ ਸਕਦੇ ਹੋ:

- ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਦਾ ਸਮਰਥਨ ਕਰਨ ਵਾਲੇ ਸਮੂਹਾਂ ਦਾ ਇੱਕ ਰਾਸ਼ਟਰੀ ਨੈੱਟਵਰਕ ਹੈ ਜਿਸਨੂੰ 'ਕੋਅਲਿਸ਼ਨ ਆਫ਼ ਸਪੋਰਟ' (ਸਹਿਯੋਗ ਦਾ ਗੱਠਜੋੜ) ਕਿਹਾ ਜਾਂਦਾ ਹੈ। ਤੁਹਾਡਾ ਇਸ ਵਿੱਚ ਸ਼ਾਮਿਲ ਹੋਣ ਅਤੇ ਆਪਣਾ ਸਮਰਥਨ ਦੇਣ ਲਈ ਸਵਾਗਤ ਹੈ। ਹੋਰ ਜਾਣਕਾਰੀ ਪ੍ਰਾਪਤ ਕਰਨ ਅਤੇ ਰਜਿਸਟਰ ਕਰਨ ਲਈ ਤੁਸੀਂ volunteeringstrategy.org.au 'ਤੇ ਜਾ ਸਕਦੇ ਹੋ।
- ਪਤਾ ਕਰੋ ਕਿ ਕੀ ਤੁਹਾਡੇ ਇਲਾਕੇ ਵਿੱਚ ਸਥਾਨਕ, ਰਾਜ ਜਾਂ ਟੈਰੀਟਰੀ ਪੱਧਰ ਦੀਆਂ ਵਲੰਟੀਅਰਿੰਗ ਰਣਨੀਤੀਆਂ ਹਨ ਕਿ ਨਹੀਂ। ਜੇਕਰ ਹਨ, ਤਾਂ ਉਹ ਸੰਭਾਵਤ ਤੌਰ 'ਤੇ ਤੁਹਾਡੇ ਇਲਾਕੇ ਦੀਆਂ ਜ਼ਰੂਰਤਾਂ 'ਤੇ ਕੇਂਦ੍ਰਿਤ ਹੋਣਗੀਆਂ।
- ਤੁਸੀਂ ਆਪਣੀ ਵਲੰਟੀਅਰਿੰਗ ਦੀ ਸਿਰਮੌਰ ਸੰਸਥਾ, ਸਥਾਨਕ ਵਲੰਟੀਅਰਿੰਗ ਸਹਾਇਤਾ ਸੇਵਾ ਜਾਂ ਸਥਾਨਕ ਸਰਕਾਰ ਨਾਲ ਸੰਪਰਕ ਕਰਕੇ ਵਲੰਟੀਅਰਾਂ ਦੇ ਹੋਰ ਨੈੱਟਵਰਕ ਲੱਭ ਸਕਦੇ ਹੋ।
- ਨਵੇਂ ਨੈੱਟਵਰਕ ਬਣਾਉਣ ਅਤੇ ਜਾਣਕਾਰੀ ਸਾਂਝੀ ਕਰਨ ਲਈ ਦੂਜੇ ਭਾਈਚਾਰਿਆਂ ਤੱਕ ਪਹੁੰਚ ਕਰੋ। ਉਦਾਹਰਨ ਵਜੋਂ, ਜੇਕਰ ਤੁਸੀਂ ਕਿਸੇ ਧਰਮ ਨੂੰ ਮੰਨਦੇ ਹੋ, ਤਾਂ ਕੀ ਕਿਸੇ ਹੋਰ ਇਲਾਕੇ ਵਿੱਚ ਤੁਹਾਡੇ ਧਰਮ ਨੂੰ ਮੰਨਣ ਵਾਲਾ ਕੋਈ ਹੋਰ ਸਮੂਹ ਹੈ? ਜਾਂ ਕੋਈ ਅਜਿਹਾ ਨੇੜਲਾ ਸਮੂਹ ਜਿਸਦਾ ਮਿਸ਼ਨ ਤੁਹਾਡੀ ਸੋਚ ਦੇ ਨਾਲ ਮਿਲਦਾ ਹੋਵੇ ਅਤੇ ਜਿਸ ਨਾਲ ਤੁਸੀਂ ਨਵੇਂ ਸੰਬੰਧ ਬਣਾ ਸਕੋ?
- ਆਪਣੇ ਸੱਭਿਆਚਾਰ ਅਤੇ ਆਪਣੇ ਨੈੱਟਵਰਕ ਤੋਂ ਬਾਹਰਲੇ ਲੋਕਾਂ ਨਾਲ ਵਲੰਟੀਅਰਿੰਗ ਕਰਨ ਦੇ ਤਰੀਕੇ ਨੂੰ ਸਾਂਝਾ ਕਰਨ ਲਈ ਮਹੱਤਵਪੂਰਨ ਤਾਰੀਖਾਂ ਅਤੇ ਮੀਲ ਪੱਥਰਾਂ ਦੀ ਵਰਤੋਂ ਕਰੋ। ਕਹਾਣੀਆਂ, ਹੁਨਰਾਂ ਅਤੇ ਅਨੁਭਵਾਂ ਨੂੰ ਸਾਂਝਾ ਕਰਨ ਨਾਲ ਭਾਈਚਾਰਿਆਂ ਵਿਚਕਾਰ ਵਲੰਟੀਅਰਿੰਗ ਦੇ ਰਿਸ਼ਤੇ ਹੋਰ ਮਜ਼ਬੂਤ ਬਣਦੇ ਹਨ।
- ਲੋਕਾਂ ਨੂੰ ਆਪਣੀ ਵਲੰਟੀਅਰਿੰਗ ਵਿੱਚ ਸ਼ਾਮਲ ਹੋਣ ਲਈ ਸੱਦਾ ਦਿਓ, ਜਿਵੇਂ ਕਿ ਦੋਸਤ, ਸਹਿ-ਕਰਮਚਾਰੀ ਜਾਂ ਪਰਿਵਾਰਕ ਮੈਂਬਰ।
- ਤੁਹਾਨੂੰ ਕੋਈ ਅਜਿਹੀ ਸੰਸਥਾ ਜਾਂ ਭਾਈਚਾਰਾ ਨਜ਼ਰ ਆ ਸਕਦਾ ਹੈ ਜੋ ਤੁਹਾਡੀਆਂ ਕਦਰਾਂ-ਕੀਮਤਾਂ ਨੂੰ ਸਾਂਝਾ ਕਰਦਾ ਹੋਵੇ, ਚੰਗਾ ਕੰਮ ਕਰਦਾ ਹੋਵੇ ਜਾਂ ਅਜਿਹੇ ਤਰੀਕੇ ਨਾਲ ਵਲੰਟੀਅਰ ਕਰਦਾ ਹੈ ਜੋ ਤੁਹਾਨੂੰ ਮਦਦਗਾਰ ਲੱਗਦਾ ਹੈ। ਉਨ੍ਹਾਂ ਨਾਲ ਗੱਲਬਾਤ ਲਈ ਸੰਪਰਕ ਕਰੋ ਅਤੇ ਵੇਖੋ ਕਿ ਕੀ ਇਕੱਠੇ ਸਿੱਖਣ ਜਾਂ ਕੰਮ ਕਰਨ ਦੇ ਕੋਈ ਮੌਕੇ ਹਨ।

# ਵਲੰਟੀਅਰਿੰਗ ਲਈ ਇੱਕ ਬਿਹਤਰ ਭਵਿੱਖ

ਇਸ ਗਾਈਡ ਨੇ ਤੁਹਾਨੂੰ ਦਿਖਾਇਆ ਹੈ ਕਿ ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ ਤੁਹਾਡੀ ਅਤੇ ਤੁਹਾਡੇ ਭਾਈਚਾਰੇ ਦੀ ਕਿਵੇਂ ਮਦਦ ਕਰ ਸਕਦੀ ਹੈ।

ਤੁਸੀਂ ਦੂਜਿਆਂ ਦੀ ਮਦਦ ਕਰਨ ਲਈ ਆਪਣਾ ਸਮਾਂ ਕਿਵੇਂ ਦਿੰਦੇ ਹੋ, ਜਾਂ ਤੁਸੀਂ ਇਸਨੂੰ ਕੀ ਕਹਿਣਾ ਪਸੰਦ ਕਰਦੇ ਹੋ, ਇਹ ਅਜਿਹੀ ਚੀਜ਼ ਹੈ ਜੋ ਸਾਡੇ ਸਾਰਿਆਂ ਦੇ ਜੀਵਨ ਨੂੰ ਛੂਹਦੀ ਹੈ ਅਤੇ ਸਾਨੂੰ ਇਕੱਠੇ ਕਰਦੀ ਹੈ। ਵਲੰਟੀਅਰਿੰਗ ਲਈ ਰਾਸ਼ਟਰੀ ਰਣਨੀਤੀ, ਵਲੰਟੀਅਰ ਵਜੋਂ ਕੰਮ ਕਰਨ ਲਈ ਬਿਹਤਰ ਭਵਿੱਖ ਲਈ ਇੱਕ ਸਾਂਝਾ ਸੁਪਨਾ ਪੇਸ਼ ਕਰਦੀ ਹੈ ਅਤੇ ਅਸੀਂ ਇਸਨੂੰ ਇਕੱਠੇ ਕੰਮ ਕਰਕੇ ਹਾਸਲ ਕਰ ਸਕਦੇ ਹਾਂ।

ਇੱਕ ਅਜਿਹਾ ਭਵਿੱਖ ਜਿੱਥੇ ਜ਼ਿਆਦਾ ਲੋਕ ਜ਼ਿਆਦਾ ਵਾਰ ਵਲੰਟੀਅਰ ਵਜੋਂ ਕੰਮ ਕਰਨਗੇ। ਜਿੱਥੇ ਵਲੰਟੀਅਰ ਸਤਿਕਾਰਤ ਮਹਿਸੂਸ ਕਰਨ ਅਤੇ ਜਾਣਨ ਕਿ ਉਨ੍ਹਾਂ ਦਾ ਯੋਗਦਾਨ ਵਾਕਈ ਤੌਰ 'ਤੇ ਫ਼ਰਕ ਪਾਉਂਦਾ ਹੈ। ਜਿੱਥੇ ਨੀਤੀ ਬਣਾਉਣ, ਸੇਵਾ ਡਿਜ਼ਾਈਨ, ਅਤੇ ਰਣਨੀਤਿਕ ਨਿਵੇਸ਼ ਵਿੱਚ ਵਲੰਟੀਅਰ ਵਜੋਂ ਕੰਮ ਕਰਨ ਦੀ ਕਦਰ ਕੀਤੀ ਜਾਵੇ ਅਤੇ ਸਹੀ ਤਰੀਕੇ ਨਾਲ ਸ਼ਾਮਲ ਕੀਤਾ ਜਾਵੇ। ਜਿੱਥੇ ਵਲੰਟੀਅਰਿੰਗ ਵਿੱਚ ਵਿਭਿੰਨਤਾ ਨੂੰ ਮਾਨਤਾ ਦਿੱਤੀ ਜਾਵੇ, ਜਸ਼ਨ ਮਨਾਇਆ ਜਾਵੇ ਅਤੇ ਸਮਰਥਨ ਦਿੱਤਾ ਜਾਵੇ। ਜਿੱਥੇ ਲੋਕ ਵਿਅਕਤੀਗਤ ਅਤੇ ਸਾਂਝੇ ਤੌਰ 'ਤੇ ਇਨ੍ਹਾਂ ਸਮਰੱਥ ਭਾਈਚਾਰਿਆਂ ਨੂੰ ਬਣਾਉਣ ਦੀ ਆਪਣੀ ਸਮਰੱਥਾ ਨੂੰ ਸਮਝਣ ਅਤੇ ਵਰਤਣ।

ਜਿੱਥੇ **ਵਲੰਟੀਅਰਿੰਗ ਆਸਟ੍ਰੇਲੀਆਈ ਭਾਈਚਾਰਿਆਂ ਦਾ ਦਿਲ ਹੈ।**